World Punjabi News Network
WORLD PUNJABI NEWS
ਪੰਜਾਬੀ | ਪੰਜਾਬੀ
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews



# ਕਿਸਾਨਾਂ ਨਾਲ ਗੱਲਬਾਤ ਲਈ ਤਿਆਰ ਪਰ ਕਾਨੂੰਨ ਰੱਦ ਕਰਨ ਲਈ ਨਹੀਂ: ਤੋਮਰ



**ਨਵੀਂ ਦਿੱਲੀ।** ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਅੱਜ ਕਿਹਾ ਕਿ ਸਰਕਾਰ ਪ੍ਰਦਰਸ਼ਨਕਾਰੀ ਕਿਸਾਨਾਂ ਨਾਲ ਅੱਧੀ ਰਾਤ ਨੂੰ ਵੀ ਗੱਲ ਕਰਨ ਲਈ ਤਿਆਰ ਹੈ ਪਰ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਸਬੰਧੀ ਕੋਈ ਗੱਲਬਾਤ ਨਹੀਂ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਹਜ਼ਾਰਾਂ ਕਿਸਾਨ ਪਿਛਲੇ ਸਾਲ ਨਵਬੰਰ ਤੋਂ ਨਵੇਂ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਨੂੰ ਲੈ ਕੇ ਦਿੱਲੀ ਦੀਆਂ ਹੱਦਾਂ 'ਤੇ ਸੰਘਰਸ਼ ਕਰ ਰਹੇ ਹਨ। ਇੱਥੇ ਮੀਡੀਆ ਨਾਲ ਗੱਲਬਾਤ ਦੌਰਾਨ ਕੇਂਦਰੀ ਮੰਤਰੀ ਨੇ ਕਿਹਾ, ''ਕਿਸਾਨ ਯੂਨੀਅਨਾਂ ਨਾਲ ਗੱਲਬਾਤ ਕਰਨ ਲਈ ਸਰਕਾਰ ਹਮੇਸ਼ਾ ਤਿਆਰ ਹੈ। ਜੇਕਰ ਉਹ ਅੱਧੀ ਰਾਤ ਵੀ ਆਉਣ ਤਾਂ ਮੈਂ ਉਨ੍ਹਾਂ ਦਾ ਸਵਾਗਤ ਕਰਾਂਗਾ। ਸਰਕਾਰ ਕਿਸੇ ਵੀ ਸਮੇਂ ਗੱਲਬਾਤ ਲਈ ਤਿਆਰ ਹੈ ਪਰ ਕਾਨੂੰਨ ਰੱਦ ਕਰਨ ਲਈ ਤਿਆਰ ਨਹੀਂ ਹੈ।'' ਕੋਵਿਡ-19 ਤੋਂ ਬਚਾਅ ਲਈ ਟੀਕਾਕਰਨ ਸਬੰਧੀ ਪੁੱਛੇ ਗਏ ਇਕ ਸਵਾਲ ਦੇ ਜਵਾਬ ਵਿਚ ਸ੍ਰੀ ਤੋਮਰ ਨੇ ਕਿਹਾ ਕਿ ਅਗਸਤ ਮਹੀਨੇ ਤੱਕ ਵੈਕਸੀਨ ਲੋੜੀਂਦੀ ਮਾਤਰਾ ਵਿਚ ਉਪਲੱਬਧ ਹੋਵੇਗੀ। ਕਾਂਗਰਸੀ ਆਗੂ ਦਿਗਵਿਜੈ ਸਿੰਘ ਦੇ ਬਿਆਨ ਕਿ ਜੇਕਰ ਉਨ੍ਹਾਂ ਦੀ ਪਾਰਟੀ ਸੱਤਾ ਵਿਚ ਆਉਂਦੀ ਹੈ ਤਾਂ ਧਾਰਾ 370 ਬਹਾਲ ਕਰਨ ਸਬੰਧੀ ਮੁੜ ਵਿਚਾਰ ਕੀਤਾ ਜਾਵੇਗਾ, ਬਾਰੇ ਸ੍ਰੀ ਤੋਮਰ ਨੇ ਕਿਹਾ ਕਿ ਸਾਰਾ ਦੇਸ਼ ਧਾਰਾ 370 ਬਹਾਲ ਕਰਨ ਦੇ ਖ਼ਿਲਾਫ਼ ਹੈ। ਉਨ੍ਹਾਂ ਕਿਹਾ, ''ਦਿਗਵਿਜੈ ਸਿੰਘ ਦਾ ਇਹ ਬਿਆਨ ਦੇਸ਼ ਨੂੰ ਕਾਂਗਰਸ ਮੁਕਤ ਕਰੇਗਾ।'' ਉਨ੍ਹਾਂ ਕਿਹਾ ਕਿ ਉਂਜ ਤਾਂ ਵਿਰੋਧੀ ਪਾਰਟੀ ਦੇ ਸੱਤਾ ਵਿਚ ਆਉਣ ਦੀ ਕੋਈ ਸੰਭਾਵਨਾ ਨਹੀਂ ਹੈ ਅਤੇ ਜੇਕਰ ਉਹ ਸੱਤਾ ਵਿਚ ਆ ਵੀ ਜਾਂਦੀ ਹੈ ਤਾਂ ਵੀ ਉਹ ਧਾਰਾ 370 ਨੂੰ ਬਹਾਲ ਨਹੀਂ ਕਰ ਸਕੇਗੀ।

## ਕੇਂਦਰ ਹਰ ਕਿਸੇ ਨੂੰ ਕੋਵਿਡ ਵੈਕਸੀਨ ਮੁਫ਼ਤ ਲਾਉਣ ਲਈ ਵਚਨਬੱਧ : ਮੋਦੀ

**ਨਵੀਂ ਦਿੱਲੀ।** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਕਰੋਨਾ ਯੋਧਿਆਂ' ਲਈ ਇਕ 'ਕ੍ਰੈਸ਼ ਕੋਰਸ' ਲਾਂਚ ਕੀਤਾ ਹੈ ਜਿਸ ਨੂੰ ਲੋੜ ਮੁਤਾਬਕ ਢਾਲ ਕੇ ਮੁਕੰਮਲ ਕੀਤਾ ਜਾ ਸਕਦਾ ਹੈ। ਇਸ ਦਾ ਮਕਸਦ ਇਕ ਲੱਖ ਤੋਂ ਵੱਧ ਫਰੰਟਲਾਈਨ ਵਰਕਰਾਂ ਨੂੰ ਨਵੇਂ ਹੁਨਰਾਂ ਨਾਲ ਲੈਸ ਕਰਨਾ ਹੈ। ਸ੍ਰੀ ਮੋਦੀ ਨੇ ਕਿਹਾ ਕਿ ਕੇਂਦਰ ਹਰ ਕਿਸੇ ਨੂੰ ਕੋਵਿਡ ਵੈਕਸੀਨ ਮੁਫ਼ਤ ਲਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਮੁਲਕ ਨੂੰ ਪੂਰੀ ਤਿਆਰੀ ਰੱਖਣ ਦੀ ਲੋੜ ਹੈ ਕਿਉਂਕਿ ਕਰੋਨਾਵਾਇਰਸ ਤੇ ਇਸ ਦੇ ਸਰੂਪਾਂ ਦਾ ਖ਼ਤਰਾ ਅਜੇ ਬਰਕਰਾਰ ਹੈ। ਮੋਦੀ ਨੇ ਇਸ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਮਹਾਮਾਰੀ ਦੀ ਦੂਜੀ ਲਹਿਰ ਨੇ ਉਨ੍ਹਾਂ ਚੁਣੌਤੀਆਂ ਨੂੰ ਉਭਾਰਿਆ ਹੈ ਜੋ ਵਾਇਰਸ ਸਾਡੇ ਅੱਗੇ ਖੜ੍ਹੀਆਂ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਸਿਖ਼ਲਾਈ ਦਾ ਮੰਤਵ ਇਕ ਲੱਖ ਤੋਂ ਵੱਧ ਅਗਲੀ ਕਤਾਰ ਦੇ ਵਰਕਰਾਂ ਨੂੰ ਇਨ੍ਹਾਂ ਚੁਣੌਤੀਆਂ ਲਈ ਤਿਆਰ



ਕਰਨਾ ਹੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਨਵਾਂ ਸਿਖ਼ਲਾਈ ਪ੍ਰੋਗਰਾਮ ਲੋਕਾਂ ਨੂੰ ਦੋ-ਤਿੰਨ ਮਹੀਨੇ ਵਿਚ ਚੁਣੌਤੀ ਨਾਲ ਨਜਿੱਠਣ ਲਈ ਤਿਆਰ ਕਰੇਗਾ। ਉਨ੍ਹਾਂ ਕਿਹਾ ਕਿ ਦੇਸ਼ ਦੀ ਅਬਾਦੀ ਦੇ ਹਿਸਾਬ ਨਾਲ ਡਾਕਟਰਾਂ, ਨਰਸਾਂ ਤੇ ਪੈਰਾ-ਮੈਡੀਕਲ ਸਟਾਫ਼ ਦੀ ਗਿਣਤੀ ਵਧਾਉਣ ਦੀ ਲੋੜ ਹੈ। 'ਕ੍ਰੈਸ਼ ਕੋਰਸ' ਛੇ ਤਰ੍ਹਾਂ ਦੀਆਂ ਭੂਮਿਕਾਵਾਂ ਵਿਚ ਕੰਮ ਵਾਲਿਆਂ ਨੂੰ ਕਰਵਾਇਆ ਜਾਵੇਗਾ। ਇਸ 'ਚ ਘਰ ਵਿਚ ਸਾਂਭ-ਸੰਭਾਲ ਦੀ ਸਿਖ਼ਲਾਈ, ਮੁੱਢਲੀ ਸੰਭਾਲ, ਉੱਚ ਪੱਧਰੀ ਸੰਭਾਲ, ਸੰਕਟ ਵਿਚ ਸਿਹਤ ਸੰਭਾਲ, ਸੈਂਪਲ ਕਲੈਕਸ਼ਨ ਤੇ ਮੈਡੀਕਲ ਉਪਕਰਨਾਂ ਸਬੰਧੀ ਸਿਖ਼ਲਾਈ ਸ਼ਾਮਲ ਹੋਵੇਗੀ। ਕੋਰਸ 26 ਸੂਬਿਆਂ ਵਿਚ 111 ਕੇਂਦਰਾਂ ਤੋਂ ਲਾਂਚ ਕੀਤਾ ਜਾਵੇਗਾ। ਮੋਦੀ ਨੇ ਕਿਹਾ ਕਿ ਇਹ ਕੋਰਸ ਚੋਟੀ ਦੇ ਮਾਹਿਰਾਂ ਨੇ ਤਿਆਰ ਕੀਤਾ ਹੈ। ਇਹ 'ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ' ਦਾ ਹਿੱਸਾ ਹੈ ਤੇ ਇਸ ਲਈ 276 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਇਹ ਪ੍ਰੋਗਰਾਮ ਗ਼ੈਰ-ਮੈਡੀਕਲ ਸਿਹਤ ਕਾਮਿਆਂ ਨੂੰ ਸਿਹਤ ਖੇਤਰ ਦੀਆਂ ਮੌਜੂਦਾ ਤੇ ਭਵਿੱਖੀ ਲੋੜਾਂ ਲਈ ਤਿਆਰ ਕਰੇਗਾ।

## ਸਵਿੱਸ ਬੈਂਕਾਂ 'ਚ ਭਾਰਤੀਆਂ ਦਾ 20 ਹਜ਼ਾਰ ਕਰੋੜ ਤੋਂ ਜ਼ਿਆਦਾ ਪੈਸਾ ਜਮ੍ਹਾਂ

**ਜਿਊਰਿਖ।** ਸਵਿਟਜ਼ਰਲੈਂਡ ਦੀ ਕੌਮੀ ਬੈਂਕ ਐੱਸਐੱਨਬੀ ਨੇ ਵੀਰਵਾਰ ਨੂੰ ਅੰਕੜੇ ਜਾਰੀ ਕੀਤੇ ਹਨ, ਜਿਸ ਅਨੁਸਾਰ, ਸਵਿੱਸ ਬੈਂਕਾਂ ਵਿੱਚ ਭਾਰਤੀਆਂ ਦਾ ਨਿੱਜੀ ਅਤੇ ਕੰਪਨੀਆਂ ਦਾ ਪੈਸਾ 2020 ਵਿੱਚ ਵਧ ਕੇ 2.55 ਅਰਬ ਸਵਿੱਸ ਫਰੈਂਕ (20,706 ਕਰੋੜ ਰੁਪਏ) 'ਤੇ ਪਹੁੰਚ ਗਿਆ ਹੈ। ਤਾਜ਼ਾ ਅੰਕੜਾ 13 ਸਾਲ 'ਚ ਸਭ ਤੋਂ ਵੱਧ ਹੈ। ਇਹ ਵਾਧਾ ਨਕਦੀ ਜਮ੍ਹਾਂ ਵਜੋਂ ਨਹੀਂ, ਸਗੋਂ ਸਕਿਊਰਿਟੀਜ਼, ਬਾਂਡ ਸਣੇ ਹੋਰ ਵਿੱਤੀ ਉਤਪਾਦਾਂ ਰਾਹੀਂ ਰੱਖੀ ਗਈ ਹੋਲਡਿੰਗ ਤੋਂ ਹੋਇਆ ਹੈ। ਭਾਰਤੀ ਗਾਹਕਾਂ ਦੇ ਸਵਿੱਸ ਬੈਂਕਾਂ ਵਿੱਚ ਸਾਲ 2019 ਦੇ ਅਖ਼ੀਰ ਤੱਕ ਕੁੱਲ 89.9 ਕਰੋੜ ਸਵਿੱਸ ਫਰੈਂਕ (6,625 ਕਰੋੜ ਰੁਪਏ) ਜਮ੍ਹਾਂ ਸਨ। ਸਵਿੱਸ ਬੈਂਕਾਂ ਵਿੱਚ ਜਮ੍ਹਾਂ ਰਾਸ਼ੀ ਦੇ ਮਾਮਲੇ ਵਿੱਚ ਭਾਰਤ 51ਵੇਂ ਸਥਾਨ 'ਤੇ ਹੈ। ਉਧਰ ਕਾਂਗਰਸ ਨੇ ਅੱਜ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਮੰਗ ਕੀਤੀ ਕਿ ਵਿਦੇਸ਼ਾਂ ਵਿੱਚ ਜਮ੍ਹਾਂ ਕਾਲੇ ਧਨ ਬਾਰੇ ਖੁਲਾਸਾ ਕੀਤਾ ਜਾਵੇ ਅਤੇ ਸਵਿੱਸ ਬੈਂਕਾਂ ਵਿੱਚ ਧਨ ਜਮ੍ਹਾਂ ਕਰਵਾਉਣ ਵਾਲੇ ਵਿਅਕਤੀਆਂ ਦੇ ਨਾਮ ਉਜਾਗਰ ਕੀਤੇ ਜਾਣ। ਕਾਂਗਰਸ ਨੇ ਨਾਲ ਹੀ ਕਿਹਾ ਕਿ ਵ੍ਹਾਈਟ ਪੇਪਰ ਲਿਆ ਕੇ ਦੇਸ਼ਵਾਸੀਆਂ ਨੂੰ ਦੱਸਿਆ ਜਾਵੇ ਕਿ ਇਹ ਪੈਸਾ ਕਿਸਦਾ ਹੈ ਅਤੇ ਵਿਦੇਸ਼ੀ ਬੈਂਕਾਂ ਵਿੱਚ ਜਮ੍ਹਾਂ ਕਾਲੇ ਧਨ ਨੂੰ ਵਾਪਸ ਲਿਆਉਣ ਲਈ ਕੀ ਕੀ ਕਦਮ ਚੁੱਕੇ ਜਾ ਰਹੇ ਹਨ। ਕਾਂਗਰਸ ਦੇ ਬੁਲਾਰੇ ਗੌਰਵ ਵੱਲਭ ਨੇ ਕਿਹਾ ਕਿ ਸਰਕਾਰ ਨੂੰ ਵਿਦੇਸ਼ੀ ਬੈਂਕਾਂ ਵਿੱਚ ਜਮ੍ਹਾਂ ਕਾਲੇ ਧਨ ਬਾਰੇ ਪੂਰੀ ਸੂਚੀ ਜਾਰੀ ਕਰਨੀ ਚਾਹੀਦੀ ਹੈ। ਸਵਿਟਜ਼ਰਲੈਂਡ ਦੀ ਸਵਿੱਸ ਨੈਸ਼ਨਲ ਬੈਂਕ ਨੇ ਹਾਲ ਹੀ ਵਿੱਚ ਸਵਿੱਸ ਬੈਂਕਾਂ ਵਿੱਚ ਜਮ੍ਹਾਂ ਧਨ ਬਾਰੇ ਅੰਕੜੇ ਜਾਰੀ ਕੀਤੇ ਹਨ, ਜੋ ਵਿਖਾਉਂਦੇ ਹਨ ਕਿ ਸਾਲ 2020 ਦੌਰਾਨ 286 ਫ਼ੀਸਦੀ ਭਾਰਤੀਆਂ ਵੱਲੋਂ ਧਨ ਜਮ੍ਹਾਂ ਕਰਵਾਇਆ ਗਿਆ, ਜੋ ਪਿਛਲੇ 13 ਸਾਲਾਂ ਵਿੱਚ ਸਭ ਤੋਂ ਵੱਧ ਹੈ। ਕਾਂਗਰਸ ਦੇ ਮੁੱਖ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਸੱਤਾ ਸੰਭਾਲਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵਿਦੇਸ਼ਾਂ ਤੋਂ ਕਾਲਾ ਧਨ ਵਾਪਸ ਲਿਆਉਣ ਸਬੰਧੀ ਕੀਤੇ ਵਾਅਦਿਆਂ ਦੀ ਵੀਡੀਓ ਸਾਂਝੀ ਕਰਦਿਆਂ ਪੁੱਛਿਆ, ''ਸਵਿੱਸ ਬੈਂਕਾਂ ਵਿੱਚ 20700 ਕਰੋੜ ਰੁਪਏ ਧਨ ਜਮ੍ਹਾਂ ਹੈ। ਸਾਲ 2020 ਵਿੱਚ ਸਵਿੱਸ ਬੈਂਕਾਂ ਵਿੱਚ ਕੁੱਲ ਜਮ੍ਹਾਂ ਰਾਸ਼ੀ ਸਾਲ 2019 ਦੇ ਮੁਕਾਬਲੇ ਵਧ ਕੇ 286 ਫ਼ੀਸਦੀ ਹੋ ਗਈ ਹੈ। ਕੁੱਲ ਜਮ੍ਹਾਂ ਰਾਸ਼ੀ 13 ਸਾਲ ਵਿੱਚ ਸਭ ਤੋਂ ਵੱਧ ਹੈ।'

OUR PARTNERS IN PROMOTION
WORLD PUNJABI NEWS NETWORK

WHITECLOUD INTERNATIONAL
WEB PRESENCE PROVIDER

SmartBrainz
EXPLORE. CHOOSE. BUY.
TECHNOLOGY PROVIDER

WORLD PUNJABI NEWS NETWORK
NEWS & MEDIA PARTNER

ADVERTISE WITH US
+91 98155 88388
worldpunjabinews@gmail.com

# ਟਿਕਾਊ ਵਿਕਾਸ ਪੱਖੋਂ ਪਛੜਦਾ ਭਾਰਤ



5 ਜੂਨ 2021 ਨੂੰ ਸੰਯੁਕਤ ਰਾਸ਼ਟਰ ਦੀ ਟਿਕਾਊ ਵਿਕਾਸ ਬਾਰੇ ਜਾਰੀ ਕੀਤੀ ਰਿਪੋਰਟ ਅਨੁਸਾਰ, ਭਾਰਤ ਟਿਕਾਊ ਵਿਕਾਸ ਦੇ 17 ਟੀਚੇ ਹਾਸਲ ਕਾਰਨ ਦੇ ਮਾਮਲੇ ਵਿਚ 2020 (115 ਦਰਜੇ) ਨਾਲੋਂ ਦੋ ਦਰਜੇ ਥੱਲੇ ਖਿਸਕ ਕੇ 117 'ਤੇ ਪਹੁੰਚ ਗਿਆ। ਸੰਯੁਕਤ ਰਾਸ਼ਟਰ ਦੇ ਮੈਂਬਰ 193 ਮੁਲਕਾਂ ਨੇ 2015 ਵਿਚ ਟਿਕਾਊ ਵਿਕਾਸ ਲਈ 2030 ਦੇ ਏਜੰਡੇ ਵਜੋਂ 17 ਟੀਚੇ ਮਿਥੇ ਸਨ। ਸੰਯੁਕਤ ਰਾਸ਼ਟਰ ਵੱਲੋਂ ਟਿਕਾਊ ਵਿਕਾਸ ਦੀ ਦਰਜਾਬੰਦੀ ਸੋਸ਼ਲ ਡਿਵੈਲਮੈਂਟ ਗੋਲਜ (ਐੱਸਡੀਜੀ) ਦੇ 100 ਅੰਕਾਂ ਵਿਚੋਂ ਕੀਤੀ ਜਾਂਦੀ ਹੈ। ਭਾਰਤ ਨੇ 100 ਅੰਕਾਂ ਵਿਚੋਂ 61.9 ਅੰਕ ਪ੍ਰਾਪਤ ਕੀਤੇ ਹਨ ਜਦੋਂਕਿ ਇਸ ਦੇ ਸੱਤ ਗੁਆਂਢੀ ਮੁਲਕਾਂ- ਚੀਨ (73.9), ਭੂਟਾਨ (69.3), ਮਾਲਦੀਵ (67.6), ਸ੍ਰੀਲੰਕਾ (66.9), ਨੇਪਾਲ (65.9), ਮਿਆਂਮਾਰ (64.6) ਅਤੇ ਬੰਗਲਾਦੇਸ਼ ਨੇ ਭਾਰਤ ਤੋਂ ਜ਼ਿਆਦਾ ਅੰਕ ਪ੍ਰਾਪਤ ਕੀਤੇ ਹਨ। ਟਿਕਾਊ ਵਿਕਾਸ ਵਿਚ ਸਭ ਤੋਂ ਜ਼ਿਆਦਾ 84.7 ਅੰਕ ਸਵੀਡਨ ਨੇ ਪ੍ਰਾਪਤ ਕੀਤੇ ਹਨ।

ਰਿਪੋਰਟ ਵਿਚ ਭਾਰਤ ਦੀ ਟਿਕਾਊ ਵਿਕਾਸ ਬਾਰੇ ਦਰਜਾਬੰਦੀ ਦੇ ਹੇਠਾਂ ਵੱਲ ਖਿਸਕਣ ਦਾ ਕਾਰਨ ਭੁੱਖਮਰੀ ਖ਼ਤਮ ਕਰਨ ਦੀਆਂ ਚੁਣੌਤੀਆਂ ਅਤੇ ਭੋਜਨ ਸੁਰੱਖਿਆ ਹਾਸਲ ਕਰਨ ਦੇ ਟੀਚਿਆਂ ਵਿਚ ਅੜਿੱਕਾ ਪੈਣਾ ਦੱਸਿਆ ਗਿਆ ਹੈ। ਇਸ ਤੋਂ ਬਿਨਾ ਲਿੰਗ ਸਮਾਨਤਾ, ਠੋਸ ਬੁਨਿਆਦੀ ਢਾਂਚਾ, ਟਿਕਾਊ ਉਦਯੋਗੀਕਰਨ ਅਤੇ ਨਵੀਆਂ ਕਾਢਾਂ ਦੀ ਗ਼ੈਰ-ਮੌਜੂਦਗੀ ਵੀ ਕਾਰਨ ਹਨ ਜਿਨ੍ਹਾਂ ਕਾਰਨ ਭਾਰਤ ਦੀ ਦਰਜਾਬੰਦੀ ਹੇਠਾਂ ਖਿਸਕੀ ਹੈ। ਇਸ ਰਿਪੋਰਟ ਅਨੁਸਾਰ ਭਾਰਤ ਵਾਤਾਵਰਨ ਪੱਖੋਂ ਵੀ ਬਹੁਤ ਨੀਵੇਂ ਦਰਜੇ 'ਤੇ ਹੈ। ਇਸ ਦਾ 180 ਮੁਲਕਾਂ ਵਿਚੋਂ 168ਵਾਂ ਦਰਜਾ ਹੈ। ਇਸ ਦਰਜਾਬੰਦੀ ਵਿਚ ਮੌਸਮ, ਹਵਾ ਤੇ ਪਾਣੀ ਦਾ ਪ੍ਰਦੂਸ਼ਣ, ਸਫ਼ਾਈ, ਪੀਣ ਵਾਲੇ ਪਾਣੀ ਦੀ ਪੂਰਤੀ, ਸੈਨੀਟੇਸ਼ਨ, ਵਾਤਾਵਰਨ ਪ੍ਰਬੰਧਨ ਸੇਵਾਵਾਂ, ਜੈਵਿਕ ਵੰਨ-ਸਵੰਨਤਾ ਆਦਿ ਸੂਚਕਾਂ ਦੇ ਆਧਾਰ ਉੱਤੇ ਤੈਅ ਕੀਤਾ ਜਾਂਦਾ ਹੈ। ਵਾਤਾਵਰਨ ਦੀ ਸਿਹਤ ਵਿਚ ਭਾਰਤ ਦਾ ਦਰਜਾ 172 ਹੈ। ਇਹ ਸੂਚਕ ਕਿਸੇ ਵੀ ਮੁਲਕ ਦੇ ਵਾਤਾਵਰਨ ਵਿਚ ਆਏ ਵਿਗਾੜਾਂ ਤੋਂ ਉਥੋਂ ਦੇ ਲੋਕਾਂ ਨੂੰ ਸਿਹਤ ਸਬੰਧੀ ਆਈਆਂ ਸਮੱਸਿਆਵਾਂ ਨਾਲ ਨਜਿੱਠਣ ਦੀ ਸਮਰੱਥਾ ਨੂੰ ਦਰਸਾਉਂਦਾ ਹੈ। ਯੇਲ ਯੂਨੀਵਰਸਿਟੀ ਦੀ ਈਪੀਆਈ ਰਿਪੋਰਟ ਅਨੁਸਾਰ ਭਾਰਤ ਜੈਵਿਕ ਵੰਨ-ਸਵੰਨਤਾ ਅਤੇ ਜੈਵਿਕਾਂ ਦੇ ਆਵਾਸ ਦੀ ਰਾਖੀ ਵਿਚ ਪਾਕਿਸਤਾਨ ਤੋਂ 21 ਦਰਜੇ ਪਿੱਛੇ ਹੈ। ਇਸ ਮਾਮਲੇ ਵਿਚ ਪਾਕਿਸਤਾਨ ਦਾ ਦਰਜਾ 127 ਅਤੇ ਭਾਰਤ 148ਵੇਂ ਦਰਜੇ ਉੱਤੇ ਜਾ ਪਹੁੰਚਿਆ ਹੈ।

ਟਿਕਾਊ ਵਿਕਾਸ ਦੇ ਪਹਿਲੇ ਟੀਚੇ ਅਨੁਸਾਰ ਦੁਨੀਆ ਦੇ ਸਾਰੇ ਮੁਲਕਾਂ ਵਿਚ ਭੁੱਖਮਰੀ ਖ਼ਤਮ ਕਰਨਾ ਹੈ। ਭੁੱਖਮਰੀ ਦੀ ਦਸ਼ਾ ਸਮਝਣ ਲਈ ਚਾਰ ਸੂਚਕ ਲਏ ਜਾਂਦੇ ਹਨ। ਪਹਿਲੇ ਸੂਚਕ ਅਨੁਸਾਰ ਉਹ ਲੋਕ ਜਿਨ੍ਹਾਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਪੌਸ਼ਟਿਕ ਭੋਜਨ ਨਹੀਂ ਮਿਲਦਾ; ਦੂਜਾ ਤੇ ਤੀਜਾ ਸੂਚਕ ਬੱਚਿਆਂ ਦੀ ਉਮਰ ਦੇ ਹਿਸਾਬ ਨਾਲ ਲੰਬਾਈ ਤੇ ਭਾਰ ਦਾ ਘੱਟ ਹੋਣਾ ਅਤੇ ਚੌਥਾ, ਪੰਜ ਸਾਲ ਤੋਂ ਛੋਟੇ ਬੱਚਿਆਂ ਦੀ ਮੌਤ ਦਰ ਹੈ। 22 ਰਾਜਾਂ ਅਤੇ ਕੇਂਦਰੀ ਸ਼ਾਸਿਤ ਦੇ ਨੈਸ਼ਨਲ ਫੈਮਿਲੀ ਹੈਲਥ ਸਰਵੇ-5 ਦੇ ਪਹਿਲੇ ਗੇੜ ਨੇ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਭਾਰਤ ਵਿਚ 2015-2016 ਵਿਚ ਹੋਏ ਨੈਸ਼ਨਲ ਫੈਮਿਲੀ ਹੈਲਥ ਸਰਵੇ-4 ਨਾਲੋਂ ਬੱਚਿਆਂ ਵਿਚ ਕੁਪੋਸ਼ਣ ਦੀ ਦਰ ਵਧ ਗਈ ਹੈ। ਇਹ ਅੰਕੜੇ ਕਰੋਨਾ ਮਹਾਮਾਰੀ ਤੋਂ ਪਹਿਲਾਂ ਇਕੱਠੇ ਕੀਤੇ ਗਏ ਸਨ ਜਿਸ ਤੋਂ ਪਤਾ ਲੱਗਦਾ ਹੈ ਕਿ ਸਾਡੇ ਮੁਲਕ ਵਿਚ ਉਨ੍ਹਾਂ ਲੋਕਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਜਿਨ੍ਹਾਂ ਨੂੰ ਰੱਜ ਕੇ ਖਾਣਾ ਨਹੀਂ ਮਿਲਦਾ। ਬੱਚਿਆਂ ਵਿਚ ਵਧਦੀ ਕੁਪੋਸ਼ਣ ਦੀ ਦਰ ਮੁਲਕ ਦੇ ਧੁੰਦਲੇ ਭਵਿੱਖ ਵੱਲ ਇਸ਼ਾਰਾ ਕਰ ਰਹੀ ਹੈ। ਟਿਕਾਊ ਵਿਕਾਸ ਦੇ ਥੱਲੇ ਖਿਸਕਣ ਦਾ ਦੂਜਾ ਕਾਰਨ ਭੋਜਨ ਸੁਰੱਖਿਆ ਦੀ ਘਾਟ ਦੀ ਹੈ। ਅਗਸਤ 2020 ਵਿਚ 'ਸਟੇਟ ਆਫ਼ ਫੂਡ ਸਕਿਊਰਿਟੀ ਐਂਡ ਨਿਊਟਰੀਸ਼ਨ ਇਨ ਦਿ ਵਰਲਡ' ਰਿਪੋਰਟ ਅਨੁਸਾਰ ਭਾਰਤ ਵਿਚ ਭੋਜਨ ਅਸੁਰੱਖਿਆ ਦੀ ਦਰ 2014 ਤੋਂ 2019 ਤੱਕ ਦੇ ਅਰਸੇ ਵਿਚ 3.8 ਫ਼ੀਸਦ ਵਧ ਗਈ ਹੈ। 2014-2016 ਦੇ ਅਰਸੇ ਦੌਰਾਨ ਇਸ ਰਿਪੋਰਟ ਅਨੁਸਾਰ ਭਾਰਤ ਦੀ 27.8 ਫ਼ੀਸਦ ਆਬਾਦੀ ਮੱਧ ਜਾਂ ਗੰਭੀਰ ਭੋਜਨ ਅਸੁਰੱਖਿਆ ਤੋਂ ਪੀੜਤ ਸੀ ਪਰ 2017-19 ਦੌਰਾਨ ਇਹ ਫ਼ੀਸਦ ਆਬਾਦੀ ਵਧ ਕੇ 31.6 ਹੋ ਗਈ। ਭੋਜਨ ਤੋਂ ਅਸੁਰੱਖਿਅਤ ਲੋਕਾਂ ਦੀ ਗਿਣਤੀ 2017-2019 ਵਿਚ ਵਧ ਕੇ 48.96 ਕਰੋੜ ਹੋ ਗਈ ਜਿਹੜੀ 2014-16 ਵਿਚ 42.65 ਕਰੋੜ ਸੀ।

ਭਾਰਤ ਵਿਚ ਲਿੰਗ ਅਸਮਾਨਤਾ ਦਾ ਮਸਲਾ ਨਾ ਨਵਾਂ ਹੈ ਅਤੇ ਨਾ ਹੀ ਹੈਰਾਨ ਕਰਨ ਵਾਲਾ। ਮੁਲਕ ਵਿਚ ਲੜਕੀਆਂ ਨਾਲ ਉਨ੍ਹਾਂ ਦੇ ਜਨਮ ਲੈਣ ਤੋਂ ਪਹਿਲਾਂ ਹੀ ਵਿਤਕਰਾ ਸ਼ੁਰੂ ਹੋ ਜਾਂਦਾ ਹੈ ਜਿਹੜਾ ਸਿਵਿਆਂ ਤੱਕ ਉਨ੍ਹਾਂ ਦੇ ਨਾਲ ਜਾਂਦਾ ਹੈ। ਲੜਕੀਆਂ ਜੰਮਣ 'ਤੇ ਘਰ ਵਿਚ ਖੁਸ਼ੀ ਨਹੀਂ ਮਨਾਈ ਜਾਂਦੀ ਜਿਸ ਦਾ ਸਬੂਤ ਹਰ ਜਨਸੰਖਿਆ ਸਰਵੇਖਣ ਵਿਚ ਲੜਕੀਆਂ ਦੀ ਲੜਕਿਆਂ ਦੇ ਮੁਕਾਬਲੇ ਘਟਦੀ ਗਿਣਤੀ ਹੈ। ਇਸ ਤੋਂ ਇਲਾਵਾ ਔਰਤਾਂ ਨਾਲ ਹਰ ਰੋਜ਼ ਵਧਦੀਆਂ ਹਿੰਸਕ ਘਟਨਾਵਾਂ ਹਨ ਜਿਨ੍ਹਾਂ ਵਿਚ ਘਰੇਲੂ ਹਿੰਸਾ ਤੋਂ ਲੈ ਕੇ ਸਮੂਹਿਕ ਬਲਾਤਕਾਰ ਆਦਿ ਸ਼ਾਮਲ ਹਨ। ਵਰਲਡ ਇਕਨੌਮਿਕ ਫੋਰਮ ਦੀ ਗਲੋਬਲ ਜੈਂਡਰ ਗੈਪ ਰਿਪੋਰਟ-2021 ਅਨੁਸਾਰ ਭਾਰਤ ਲਿੰਗਕ ਅਸਮਾਨਤਾ ਵਿਚ 2020 ਨਾਲੋਂ 28 ਦਰਜੇ ਥੱਲੇ ਗਿਆ ਹੈ। ਭਾਰਤ ਦਾ 156 ਮੁਲਕਾਂ ਵਿਚੋਂ 140ਵਾਂ ਦਰਜਾ ਹੈ। ਦੱਖਣੀ ਏਸ਼ੀਆ ਦੇ ਮੁਲਕਾਂ ਵਿਚੋਂ ਸਿਰਫ਼ ਦੋ ਮੁਲਕ, ਪਾਕਿਸਤਾਨ ਤੇ ਅਫ਼ਗਾਨਿਸਤਾਨ ਹੀ ਇਸ ਮਸਲੇ ਵਿਚ ਭਾਰਤ ਤੋਂ ਪਿੱਛੇ ਹਨ। ਇਸ ਰਿਪੋਰਟ ਵਿਚ ਔਰਤਾਂ ਦੀ ਨਾ-ਬਰਾਬਰੀ ਮਾਪਣ ਲਈ ਚਾਰ ਸੂਚਕ ਲਏ ਗਏ: ਔਰਤਾਂ ਦੀ ਆਰਥਿਕ ਹਿੱਸੇਦਾਰੀ ਤੇ ਆਰਥਿਕ ਗਤੀਵਿਧੀਆਂ ਵਿਚ ਮਿਲਣ ਵਾਲੇ ਮੌਕੇ; ਵਿੱਦਿਆ ਪ੍ਰਾਪਤੀ, ਸਿਹਤ ਤੇ ਬਚਾਅ; ਸਿਆਸੀ ਸ਼ਕਤੀਕਰਨ; ਤੇ ਲਿੰਗਕ ਨਾ-ਬਰਾਬਰੀ ਘਟਾਉਣ ਦੇ ਵਿਕਾਸ ਦੀ ਗਤੀ। ਔਰਤਾਂ ਦੀ ਕਮਾਈ ਮਰਦਾਂ ਨਾਲੋਂ ਔਸਤਨ ਪੰਜਵਾਂ ਹਿੱਸਾ ਹੈ ਜਿਸ ਦਾ ਕਾਰਨ ਰੁਜ਼ਗਾਰ ਦੇ ਮੌਕੇ ਘਟਣ ਨਾਲ ਔਰਤਾਂ ਵਿਚ ਬੇਰੁਜ਼ਗਾਰੀ ਵਧ ਰਹੀ ਹੈ। ਉਨ੍ਹਾਂ ਨੂੰ ਮਰਦਾਂ ਦੇ ਬਰਾਬਰ ਕੰਮ ਕਰਨ ਦੇ ਬਾਵਜੂਦ ਤਨਖ਼ਾਹ ਘੱਟ ਮਿਲਦੀ ਹੈ। ਔਰਤਾਂ ਦੀ ਸਾਖ਼ਰਤਾ ਦਰ ਵੀ ਮਰਦਾਂ ਨਾਲੋਂ ਘੱਟ ਹੈ।

ਟਿਕਾਊ ਬੁਨਿਆਦੀ ਢਾਂਚੇ ਦੇ ਪੱਖ ਤੋਂ ਵੀ ਮੁਲਕ ਪਛੜ ਰਿਹਾ ਹੈ। ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ ਸਰਕਾਰੀ ਵਿੱਦਿਅਕ ਅਤੇ ਸਿਹਤ ਸੇਵਾਵਾਂ ਨਾਲ ਸਬੰਧਿਤ ਅਦਾਰਿਆਂ ਵਿਚ ਕਮੀ ਆਈ ਹੈ। ਸਰਕਾਰੀ ਵਿੱਦਿਅਕ ਅਦਾਰਿਆਂ (ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ) ਵਿਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਭਰੀਆਂ ਨਹੀਂ ਜਾ ਰਹੀਆਂ ਹਨ। ਜਿਨ੍ਹਾਂ ਅਦਾਰਿਆਂ ਨੂੰ ਗਰਾਂਟ ਮਿਲਦੀ ਸੀ, ਉਸ ਦੀ ਫ਼ੀਸਦ ਹੌਲੀ ਹੌਲੀ ਕਾਫ਼ੀ ਘਟਾ ਦਿੱਤੀ ਹੈ। ਸਰਕਾਰੀ ਹਸਪਤਾਲਾਂ ਦੀ ਭੈੜੇ ਹਾਲਾਤ ਦਾ ਪੋਲ ਕਰੋਨਾ ਮਹਾਮਾਰੀ ਦੀ ਪਹਿਲੀ ਅਤੇ ਦੂਜੀ ਲਹਿਰ ਵਿਚ ਖੁੱਲ੍ਹ ਹੀ ਗਿਆ ਹੈ। ਇਉਂ ਜਨਤਕ ਅਦਾਰਿਆਂ ਦੀ ਮੰਦਹਾਲੀ ਸਰਕਾਰ ਦੀ ਟਿਕਾਊ ਵਿਕਾਸ ਵੱਲ ਗ਼ੈਰ-ਜ਼ਿੰਮੇਵਾਰੀ ਵਾਲੇ ਰੁਝਾਨ ਦਾ ਸਬੂਤ ਹੈ।

ਟਿਕਾਊ ਸਨਅਤੀਕਰਨ ਦਾ ਭਾਵ ਉਹ ਸਨਅਤੀਕਰਨ ਹੈ ਜਿਸ ਨਾਲ ਵਿਕਾਸ ਦਰ ਵਿਚ ਵਾਧੇ ਦੇ ਨਾਲ ਨਾਲ ਉਸ ਥਾਂ ਦੇ ਲੋਕਾਂ ਨੂੰ ਰੁਜ਼ਗਾਰ ਮਿਲੇ ਅਤੇ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਹੋਵੇ। ਨਾਲ ਹੀ ਸਨਅਤਾਂ ਵਾਤਾਵਰਨ ਨਿਯਮਾਂ ਉੱਤੇ ਪੂਰੀਆਂ ਉਤਰਨ ਤਾਂ ਕਿ ਵਾਤਾਵਰਨਕ ਤੱਤਾਂ (ਹਵਾ, ਪਾਣੀ, ਮਿੱਟੀ) ਅਤੇ ਲੋਕਾਂ ਦੀ ਸਿਹਤ ਨੂੰ ਨੁਕਸਾਨ ਨਾ ਪੁੱਜੇ। ਭਾਰਤ ਆਰਥਿਕ ਵਿਕਾਸ ਦੀ ਦੌੜ ਅਤੇ ਕਾਰਪੋਰੇਸ਼ਨਾਂ ਦੇ ਮੋਹ-ਜਾਲ ਵਿਚ ਫਸਿਆ ਵਾਤਾਵਰਨ ਨਿਯਮਾਂ ਦੀਆਂ ਧੱਜੀਆਂ ਉਡਾਉਂਦਾ ਹੋਇਆ ਸਨਅਤੀ ਅਦਾਰਿਆਂ ਨੂੰ ਬੇਹਿਸਾਬ ਢਿੱਲ ਦੇ ਰਿਹਾ ਹੈ। ਇਸ ਨਾਲ ਸ਼ਹਿਰਾਂ ਵਿਚ ਹਵਾ ਤੇ ਪਾਣੀ ਦਾ ਪ੍ਰਦੂਸ਼ਣ ਵਧ ਰਿਹਾ ਹੈ। ਮਾਰਚ 2021 ਵਿਚ ਵਰਲਡ ਏਅਰ ਕੁਆਲਟੀ ਰਿਪੋਰਟ-2020 ਅਨੁਸਾਰ ਦਿੱਲੀ ਲਗਾਤਾਰ ਤੀਜੇ ਸਾਲ ਦੁਨੀਆ ਦੀ ਸਭ ਤੋਂ ਵੱਧ ਪ੍ਰਦੂਸ਼ਿਤ ਰਾਜਧਾਨੀ ਹੈ ਅਤੇ ਸਭ ਤੋਂ ਵੱਧ ਪ੍ਰਦੂਸ਼ਿਤ 30 ਸ਼ਹਿਰਾਂ ਵਿਚੋਂ 22 ਭਾਰਤ ਵਿਚ ਹਨ। ਹਵਾ ਪ੍ਰਦੂਸ਼ਣ ਨਾਲ ਹਰ ਸਾਲ ਮੁਲਕ ਵਿਚ ਲੱਖਾਂ ਲੋਕ ਮਰ ਜਾਂਦੇ ਹਨ। ਸਰਕਾਰ ਸਨਅਤੀਕਰਨ ਦੇ ਟਿਕਾਊ ਵਿਕਾਸ ਦੀ ਥਾਂ ਸਨਅਤੀ ਅਦਾਰਿਆਂ ਦੀ ਗਿਣਤੀ ਵਧਾਉਣ ਅਤੇ ਕਾਰਪੋਰੇਟ ਜਗਤ ਨੂੰ ਫ਼ਾਇਦਾ ਪਹੁੰਚਣ ਬਾਰੇ ਹੀ ਯੋਜਨਾਬੰਦੀ ਕਰਦੀ ਹੈ। 2006 ਦੇ ਵਾਤਾਵਰਨ ਪ੍ਰਭਾਵ ਮੁਲੰਕਣ ਵਿਚ ਕੇਂਦਰ ਸਰਕਾਰ ਨੇ ਕਾਫ਼ੀ ਸਾਰੀਆਂ ਤਬਦੀਲੀਆਂ ਕਰਕੇ 2020 ਵਿਚ ਵਾਤਾਵਰਨ ਪ੍ਰਭਾਵ ਮੁਲੰਕਣ ਦਾ ਖਰੜਾ ਜਾਰੀ ਕੀਤਾ ਜਿਸ ਅਨੁਸਾਰ ਪਹਿਲਾਂ ਤੋਂ ਚੱਲ ਰਹੇ ਚੰਗੇ ਜਾਂ ਮਾੜੇ, ਗ਼ੈਰ-ਕਾਨੂੰਨੀ ਥਾਂ ਉੱਤੇ ਲੱਗੇ ਹੋਣ ਜਾਂ ਆਪਣੀ ਜ਼ਮੀਨ 'ਤੇ, ਭਾਵੇਂ ਵਾਤਾਵਰਨ ਸਾਂਭ-ਸੰਭਾਲ ਨਿਯਮਾਂ ਤੋਂ ਬਿਨਾ ਚੱਲ ਰਹੇ ਹੋਣ ਆਦਿ ਵਰਗੀਆਂ ਊਣਤਾਈਆਂ ਵਾਲੇ ਸਾਰੇ ਪ੍ਰਾਜੈਕਟਾਂ ਨੂੰ ਜਿਸ ਤਾਰੀਖ ਤੋਂ ਉਹ ਸ਼ੁਰੂ ਹੋਏ ਸਨ, ਤੋਂ ਜੁਰਮਾਨਾ ਲੈ ਕੇ ਨਿਯਮਤ ਕਰਨ ਦੀ ਵਿਵਸਥਾ ਕੀਤੀ ਜਾਣ ਦੀ ਤਜਵੀਜ਼ ਸੀ। 2006 ਦੇ ਵਾਤਾਵਰਨ ਪ੍ਰਭਾਵ ਮੁਲੰਕਣ ਵਿਚ ਇਸ ਤਰ੍ਹਾਂ ਦੀਆਂ ਤਬਦੀਲੀਆਂ ਨਾਲ ਵਿਸਾਖਾਪਟਨਮ ਦੇ ਐੱਲਜੀ ਪੋਲੀਮਰ ਵਰਗੇ ਪ੍ਰਾਜੈਕਟਾਂ ਨੂੰ ਵੀ ਜੁਰਮਾਨਾ ਭਰ ਕੇ ਚਾਲੂ ਰੱਖਣ ਦੀ ਮਨਜ਼ੂਰੀ ਮਿਲ ਜਾਵੇਗੀ, ਭਾਵੇਂ ਉਸ ਖੇਤਰ ਦੇ ਲੋਕਾਂ ਦੀ ਸਿਹਤ ਉੱਤੇ ਮਾਰੂ ਅਸਰ ਹੋਵੇ ਜਾਂ ਉੱਥੋਂ ਦਾ ਵਾਤਾਵਰਨ ਖ਼ਰਾਬ ਹੋਵੇ। ਇਸ ਪ੍ਰਾਜੈਕਟ ਤੋਂ ਜ਼ਹਿਰੀਲੀ ਗੈਸ ਰਿਸਣ ਨਾਲ ਮਈ, 2020 ਵਿਚ ਕਈ ਲੋਕਾਂ ਦੀ ਮੌਤ ਹੋ ਗਈ ਸੀ ਅਤੇ ਹਜ਼ਾਰਾਂ ਇਸ ਦੇ ਮਾਰੂ ਅਸਰ ਤੋਂ ਪ੍ਰਭਾਵਿਤ ਹੋਏ ਸਨ। ਟਿਕਾਊ ਵਿਕਾਸ ਦੀ ਸੰਯੁਕਤ ਰਾਸ਼ਟਰ ਦੀ ਇਸ ਰਿਪੋਰਟ ਅਨੁਸਾਰ ਭਾਰਤ ਦਾ ਵਾਤਾਵਰਨ ਪੱਖੋਂ ਦਰਜਾ ਵੀ ਬਹੁਤ ਨੀਵਾਂ ਹੈ। ਔਸਤ ਤਾਪਮਾਨ ਵਿਚ ਵਾਧੇ ਕਾਰਨ ਭਾਰਤ ਵਿਚ ਵੀ ਕੁਦਰਤੀ ਆਫ਼ਤਾਂ ਨੇ ਬਹੁਤ ਨੁਕਸਾਨ ਪਹੁੰਚਾਇਆ ਹੈ। ਸੰਯੁਕਤ ਰਾਸ਼ਟਰ ਦੀ ਡਿਸਾਸਟਰ ਰਿਸਕ ਰੀਡਕਸ਼ਨ ਰਿਪੋਰਟ ਅਨੁਸਾਰ 2000-2019 ਦੌਰਾਨ ਭਾਰਤ ਨੇ 321 ਕੁਦਰਤੀ ਆਫ਼ਤਾਂ ਦੀ ਮਾਰ ਝੱਲੀ ਜਿਨ੍ਹਾਂ ਵਿਚ 80000 ਮੌਤ ਹੋਈਆਂ ਅਤੇ 100 ਕਰੋੜ ਲੋਕਾਂ ਨੂੰ ਨੁਕਸਾਨ ਪਹੁੰਚਿਆ। 2020 ਦਾ ਸਾਲ ਹੁਣ ਤੱਕ ਦੇ ਰਿਕਾਰਡ ਅਨੁਸਾਰ 8ਵਾਂ ਗਰਮ ਸਾਲ ਰਿਹਾ ਹੈ ਅਤੇ ਪਿਛਲੇ ਸਾਲ ਪੰਜ ਭਿਆਨਕ ਚੱਕਰਵਾਤੀ ਤੂਫ਼ਾਨਾਂ ਨੇ ਵੀ ਭਾਰੀ ਨੁਕਸਾਨ ਪਹੁੰਚਾਇਆ ਹੈ। ਬਿਹਾਰ, ਝਾਰਖੰਡ, ਉੱਤਰ ਪ੍ਰਦੇਸ਼, ਅਸਾਮ, ਉੜੀਸਾ ਅਤੇ ਛਤੀਸਗੜ੍ਹ ਵਰਗੇ ਜ਼ਿਆਦਾ ਆਬਾਦੀ ਅਤੇ ਆਰਥਿਕ ਤੌਰ 'ਤੇ ਪਛੜੇ ਰਾਜਾਂ ਨੇ ਮੌਸਮੀ ਤਬਦੀਲੀਆਂ ਕਾਰਨ ਆਈਆਂ ਕੁਦਰਤੀ ਆਫ਼ਤਾਂ ਦੀ ਵੱਧ ਮਾਰ ਝੱਲੀ ਹੈ। ਮੁਲਕ ਦੇ 70 ਫ਼ੀਸਦ ਪਾਣੀ ਦੇ ਸਰੋਤ ਪ੍ਰਦੂਸ਼ਿਤ ਹੋ ਚੁੱਕੇ ਹਨ। ਨੀਤੀ ਆਯੋਗ ਦੀ ਰਿਪੋਰਟ ਅਨੁਸਾਰ 2030 ਤੱਕ 40 ਫ਼ੀਸਦ ਆਬਾਦੀ ਪੀਣ ਵਾਲੇ ਪਾਣੀ ਦੀ ਘਾਟ ਦੀ ਮਾਰ ਸਹੇਗੀ। ਗਲੋਬਲ ਵਾਟਰ ਕੁਆਲਿਟੀ ਇੰਡੈਕਸ ਦੀ ਰਿਪੋਰਟ ਅਨੁਸਾਰ ਪਾਣੀ ਦੀ ਸ਼ੁੱਧਤਾ ਅਨੁਸਾਰ ਭਾਰਤ ਦਾ 122 ਮੁਲਕਾਂ ਵਿਚੋਂ 120 ਦਰਜਾ ਹੈ। ਨੀਤੀ ਆਯੋਗ ਦੀ 2018 ਦੀ ਰਿਪੋਰਟ ਅਨੁਸਾਰ 60 ਫ਼ੀਸਦ ਤੋਂ ਵੱਧ ਸੀਵਰੇਜ ਅਤੇ ਉਦਯੋਗਾਂ ਦਾ ਗੰਦਾ ਪਾਣੀ ਨਦੀਆਂ ਅਤੇ ਦਰਿਆਵਾਂ ਵਿਚ ਬਿਨਾ ਸਾਫ਼ ਕੀਤੇ ਸੁੱਟਿਆ ਜਾਂਦਾ ਹੈ। ਪ੍ਰਦੂਸ਼ਿਤ ਪਾਣੀ ਪੀਣ ਨਾਲ ਹੋਣ ਵਾਲੀਆਂ ਬਿਮਾਰੀਆਂ ਨਾਲ ਹਰ ਸਾਲ 15 ਲੱਖ ਬੱਚਿਆਂ ਦੀ ਮੌਤ ਹੋ ਜਾਂਦੀ ਹੈ।

ਭਾਰਤ ਸਰਕਾਰ ਟਿਕਾਊ ਵਿਕਾਸ ਦੇ ਟੀਚੇ ਪੂਰਾ ਕਰਨ ਦੇ ਦਾਅਵੇ ਤਾਂ ਬਹੁਤ ਕਰਦੀ ਹੈ ਪਰ ਉਨ੍ਹਾਂ ਤੱਕ ਪਹੁੰਚਣ ਦੇ ਉਪਰਾਲੇ ਬਹੁਤ ਘੱਟ ਕਰਦੀ ਹੈ। ਵਾਤਾਵਰਨ ਸਿਹਤ ਵਿਚ ਭਾਰਤ ਦਾ 172ਵਾਂ ਦਰਜਾ ਹੈ। ਵਾਤਾਵਰਨ ਸਿਹਤ ਦਾ ਦਰਜਾ ਇਸ ਗੱਲ ਦਾ ਸੰਕੇਤ ਹੈ ਕਿ ਕੋਈ ਮੁਲਕ ਆਪਣੀ ਆਬਾਦੀ ਨੂੰ ਵਾਤਾਵਰਨ ਦੇ ਵਿਗਾੜਾਂ ਕਾਰਨ ਆਈਆਂ ਆਫ਼ਤਾਂ ਤੋਂ ਕਿੰਨੀ ਚੰਗੀ ਤਰ੍ਹਾਂ ਸੁਰੱਖਿਅਤ ਰੱਖ ਰਿਹਾ ਹੈ। ਕਰੋਨਾ ਮਹਾਮਾਰੀ ਇਕ ਅਜਿਹੀ ਆਫ਼ਤ ਸੀ ਜਿਸ ਤੋਂ ਦੁਨੀਆ ਦੇ ਬਹੁਤ ਮੁਲਕਾਂ ਦੀਆਂ ਸਰਕਾਰਾਂ ਨੇ ਲੌਕਡਾਊਨ ਦੌਰਾਨ ਬੇਰੁਜ਼ਗਾਰ ਲੋਕਾਂ ਨੂੰ ਬੇਰੁਜ਼ਗਾਰੀ ਭੱਤਾ ਦਿੱਤਾ ਅਤੇ ਨਾਲ ਨਾਲ ਵੈਕਸੀਨ ਦੇ ਆਉਣ 'ਤੇ ਮੁਲਕ ਦੇ ਲੋਕਾਂ ਨੂੰ ਤਰਜੀਹੀ ਤੌਰ 'ਤੇ ਮੁਹੱਈਆ ਕਰਵਾ ਦਿੱਤੀ। ਸਾਡੇ ਮੁਲਕ ਵਿਚ ਕਰੋਨਾ ਮਹਾਮਾਰੀ ਨਾਲ ਨਜਿੱਠਣ ਲਈ ਸ਼ੁਰੂਆਤ ਦੇ ਦਿਨਾਂ ਵਿਚ ਲੌਕਡਾਊਨ ਤੋਂ ਬਿਨਾ ਕੋਈ ਠੋਸ ਵਿਉਂਤਬੰਦੀ ਨਹੀਂ ਕੀਤੀ ਗਈ। ਬੁਨਿਆਦੀ ਸਿਹਤ ਸੇਵਾਵਾਂ, ਦਵਾਈਆਂ ਅਤੇ ਆਕਸੀਜਨ ਦੀ ਘਾਟ ਕਾਰਨ ਲੱਖਾਂ ਲੋਕ ਦੂਜੀ ਕਰੋਨਾ ਲਹਿਰ ਵਿਚ ਮਰ ਗਏ ਅਤੇ ਅਜੇ ਵੀ ਮਰ ਰਹੇ ਹਨ।

ਟਿਕਾਊ ਵਿਕਾਸ ਲਈ ਅਜੋਕੀ ਪੀੜ੍ਹੀ ਕੁਦਰਤੀ ਸਰੋਤਾਂ ਦੀ ਇਸ ਤਰ੍ਹਾਂ ਵਰਤੋਂ ਕਰੇ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਦੀਆਂ ਲੋੜਾਂ ਸੁਖਾਲਿਆਂ ਹੀ ਪੂਰੀਆਂ ਹੋ ਸਕਣ। ਸਰਕਾਰ ਨੂੰ ਚਾਹੀਦਾ ਹੈ ਕਿ ਟਿਕਾਊ ਵਿਕਾਸ ਲਈ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਬਣਾਏ। ਯੋਜਨਾਬੰਦੀ ਇਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਕਿ ਵਿੱਦਿਅਕ ਅਤੇ ਸਿਹਤ ਸੇਵਾਵਾਂ ਹਰ ਇਕ ਨਾਗਰਿਕ ਲਈ ਹੋਣ। ਸਮਾਜ ਵਿਚੋਂ ਲਿੰਗਕ ਅਸਮਾਨਤਾਵਾਂ ਘਟਾਉਣ ਲਈ ਲੜਕੀਆਂ ਅਤੇ ਔਰਤਾਂ ਲਈ ਵਿੱਦਿਆ ਅਤੇ ਰੁਜ਼ਗਾਰ ਯਕੀਨੀ ਬਣਾਏ ਜਾਣ। ਵਾਤਾਵਰਨ ਦਾ ਸਾਂਭ-ਸੰਭਾਲ ਲਈ ਵਾਤਾਵਰਨ ਨਿਯਮਾਂ ਵਿਚ ਢਿੱਲ ਨਾ ਦੇ ਕੇ, ਸਗੋਂ ਉਨ੍ਹਾਂ ਨੂੰ ਸਖ਼ਤੀ ਅਤੇ ਸੰਜੀਦਗੀ ਨਾਲ ਲਾਗੂ ਕੀਤਾ ਜਾਵੇ ਤਾਂ ਕਿ ਲੋਕਾਂ ਦੀ ਸਿਹਤ ਦੇ ਨਾਲ ਨਾਲ ਧਰਤੀ ਅਤੇ ਵਾਤਾਵਰਨ ਦੀ ਸਿਹਤ ਵੀ ਦਰੁਸਤ ਰਹੇ।

**ਡਾ. ਗੁਰਿੰਦਰ ਕੌਰ**
***ਪ੍ਰੋਫ਼ੈਸਰ, ਜਿਓਗਰਾਫ਼ੀ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਪੱਛਮੀ ਏਸ਼ੀਆ ਦਾ ਤਣਾਅ ਅਤੇ ਫਲਸਤੀਨ



ਇਜ਼ਰਾਈਲ ਨਾਲ ਕਰੀਬ ਪੰਜ ਦਹਾਕੇ ਭਾਰਤ ਦੇ ਸਫ਼ਾਰਤੀ ਰਿਸ਼ਤੇ ਨਾ ਰਹੇ ਹੋਣ ਕਾਰਨ ਭਾਰਤ ਵਾਸੀਆਂ ਨੂੰ ਇਜ਼ਰਾਈਲ ਦੀ ਸੋਚਣੀ ਅਤੇ ਉਸ ਦੇ ਗੁਆਂਢ ਬਾਰੇ ਜ਼ਿਆਦਾ ਜਾਣਕਾਰੀ ਨਹੀਂ। ਇਤਿਹਾ-ਸਕ ਤੌਰ 'ਤੇ ਵੀ ਭਾਰਤ ਦੇ ਇਜ਼ਰਾਈਲ ਵਿਚ ਜਾਂ ਕਹਿ ਲਈਏ ਕਿ ਸਾਰੀ ਦੁਨੀਆ ਵਿਚਲੇ ਯਹੂਦੀ ਭਾਈਚਾਰੇ ਨਾਲ ਕੋਈ ਖ਼ਾਸ ਰਿਸ਼ਤਾ ਨਹੀਂ ਰਿਹਾ। ਇਸ ਤੋਂ ਇਲਾਵਾ ਪੱਛਮੀ ਏਸ਼ੀਆ ਅਤੇ ਖਾੜੀ ਖ਼ਿੱਤੇ ਦੇ ਲੋਕਾਂ ਜੋ ਤਿੰਨ ਵੱਖ ਵੱਖ ਅਕੀਦਿਆਂ ਯਹੂਦੀਵਾਦ, ਈਸਾਈਅਤ ਅਤੇ ਇਸਲਾਮ ਨੂੰ ਮੰਨਦੇ ਹਨ, ਦਰਮਿ-ਮਆਨ ਪ੍ਰਚਲਿਤ ਮਤਭੇਦਾਂ, ਖ਼ਾਹਿਸ਼ਾਂ ਅਤੇ ਦੁਸ਼ਮਣੀਆਂ ਬਾਰੇ ਵੀ ਸਾਡੀ ਬਹੁਤੀ ਜਨਤਕ ਸਮਝ ਨਹੀਂ। ਅਹਿਮ ਗੱਲ ਇਹ ਕਿ ਇਹ ਭਾਈਚਾਰੇ ਯੋਰੋਸ਼ਲਮ ਨੂੰ ਆਪਣਾ ਪਵਿੱਤਰ ਮੁਕਾਮ ਮੰਨਦੇ ਹਨ।

ਅਫ਼ਸੋਸ ਕਿ ਹੁਣ ਇਜ਼ਰਾਈਲ ਵਿਚ ਯਹੂਦੀਆਂ ਅਤੇ ਘੱਟਗਿਣਤੀ ਮੁਸਲਿਮ ਆਬਾਦੀ ਦਰਮਿਆਨ ਮਜ਼ਹਬੀ ਵੰਡ ਡੂੰਘੀ ਹੋ ਚੁੱਕੀ ਹੈ, ਤੇ ਇਹ ਖਾਈ ਲਗਾਤਾਰ ਵਧ ਰਹੀ ਹੈ ਜਿਸ ਵਿਚ ਕਿਤੇ ਕੋਈ ਪੁਲ਼ ਉੱਸਰਦਾ ਨਜ਼ਰ ਨਹੀਂ ਆ ਰਿਹਾ। ਉਂਜ, ਇਹ ਵੰਡ ਭਾਰਤ ਵਿਚ ਹੋਏ ਉਸ ਵਰਤਾਰੇ ਤੋਂ ਬਿਲਕੁਲ ਵੱਖਰੀ ਹੈ, ਜਦੋਂ 1947 ਵਿਚ ਹਿੰਦੋਸਤਾਨ ਵੀ ਧਾਰਮਿਕ ਲੀਹਾਂ ਤੇ ਦੋ ਮੁਲਕਾਂ ਵਿਚ ਵੰਡਿਆ ਗਿਆ ਸੀ। ਆਜ਼ਾਦੀ ਤੋਂ ਬਾਅਦ ਭਾਰਤ ਨੇ ਧਰਮ ਨਿਰਪੱਖ ਸੰਵਿਧਾਨ ਅਪਣਾਇਆ ਜਿਹੜਾ ਘੱਟਗਿਣਤੀਆਂ ਦੇ ਹੱਕਾਂ ਦਾ ਸਤਿਕਾਰ ਕਰਦਾ ਹੈ। ਦੂਜੇ ਪਾਸੇ ਪਾਕਿ-ਸਤਾਨ, ਜਿਹੜਾ ਲੋਕਾਂ ਨੂੰ ਧਰਮ ਦੇ ਨਾਂ ਤੇ ਵੰਡਣ ਦੇ 'ਦੋ ਕੌਮਾਂ' ਵਾਲੇ ਸਿਧਾਂਤ ਨੂੰ ਮੰਨਦਾ ਸੀ, 1971 ਵਿਚ ਟੁੱਟ ਗਿਆ ਅਤੇ ਨਵਾਂ ਮੁਲਕ ਬੰਗਲਾਦੇਸ਼ ਬਣ ਗਿਆ। ਇਸ ਘਟਨਾ ਨੇ ਸਵਾਲ ਖੜ੍ਹਾ ਕੀਤਾ: ਕੀ ਇਕੱਲਾ ਧਰਮ ਹੀ ਕੌਮੀਅਤ ਦਾ ਮਜ਼ਬੂਤ ਆਧਾਰ ਬਣ ਸਕਦਾ ਹੈ?

ਪੱਛਮੀ ਏਸ਼ੀਆ ਵਿਚ ਤਿੰਨ 'ਸੈਮਿਟਿਕ' (ਸਾਮੀ) ਅਕੀਦਿਆਂ (ਯਹੂਦੀ, ਈਸਾਈ ਅਤੇ ਮੁਸਲਮਾਨ) ਨੂੰ ਮੰਨਣ ਵਾਲਿਆਂ ਦਰਮਿਆਨ ਪੂਰਵ-ਧਾਰਨਾਵਾਂ ਅਤੇ ਦੁਸ਼ਮਣੀਆਂ ਅੱਜ ਵੀ ਬਰਕਰਾਰ ਹਨ। ਈਸਾਈਆਂ ਲਈ ਯੋਰੋਸ਼ਲਮ ਇਸ ਕਾਰਨ ਪਵਿੱਤਰ ਹੈ ਕਿ ਉਥੇ ਈਸਾ ਮਸੀਹ ਨੂੰ ਸਲੀਬ ਤੇ ਟੰਗਿਆ ਗਿਆ ਸੀ। ਹਿਟਲਰ ਦੇ ਕਤਲੇਆਮ ਨਾਲ ਬੁਰੀ ਤਰ੍ਹਾਂ ਝੰਬੇ ਯਹੂਦੀਆਂ ਲਈ ਯੋਰੋਸ਼ਲਮ ਰਾਜਧਾਨੀ ਵਾਲਾ ਮੁਲਕ ਇਜ਼ਰਾਈਲ ਅਜਿਹੀ ਥਾਂ (ਮਾਂ ਭੂਮੀ) ਸੀ, ਜਿਥੇ ਉਹ ਸਦੀਆਂ ਤੋਂ ਰਹਿਣ ਦੇ ਖ਼ਾਹਿਸ਼ਮੰਦ ਸਨ। ਯੋਰੋਸ਼ਲਮ ਦਾ 'ਟੈਂਪਲ ਮਾਊਂਟ' ਇਸਲਾਮ ਦੀ ਮੱਕਾ ਤੇ ਮਦੀਨਾ ਤੋਂ ਬਾਅਦ ਤੀਜਾ ਸਭ ਤੋਂ ਪਵਿੱਤਰ ਮੁਕਾਮ ਹੈ। ਮਜ਼ਹਬੀ ਕੱਟੜਤਾ ਅਤੇ ਵਿਸ਼ੇਸ਼ਤਾਵਾਦ ਅਜਿਹੀਆਂ ਵੱਡੀਆਂ ਰੁਕਾਵਟਾਂ ਸਨ ਜਿਨ੍ਹਾਂ ਨੇ ਸੈਮਿਟਿਕ ਲੋਕਾਂ ਨੂੰ ਕਦੇ ਵੀ ਆਪਸੀ ਮੇਲਜੋਲ, ਅਮਨ ਤੇ ਸਦਭਾਵਨਾ ਨਾਲ ਰਹਿਣ ਨਾ ਦਿੱਤਾ।

ਫਲਸਤੀਨੀ ਖਿੱਤੇ ਗਾਜ਼ਾ ਵਿਚ ਭੜਕੀ ਹਾਲੀਆ ਹਿੰਸਾ ਪੂਰਬੀ ਯੋਰੋਸ਼ਲਮ ਵਿਚ ਸ਼ੁਰੂ ਹੋਏ ਰੋਸ ਮੁਜ਼ਾਹਰਿਆਂ ਦਾ ਸਿੱਟਾ ਸੀ। ਮੁਜ਼ਾਹਰਿਆਂ ਤੋਂ ਬਾਅਦ ਇਜ਼ਰਾਈਲ ਨੇ ਪੂਰਬੀ ਯੋਰੋਸ਼ਲਮ ਵਿਚੋਂ ਛੇ ਫਲਸਤੀਨੀ ਪਰਿਵਾਰਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਕੱਢਣ ਦੀ ਕੋਸ਼ਿਸ਼ ਕੀਤੀ। ਫਲਸਤੀਨੀਆਂ ਨੂੰ ਇਜ਼ਰਾਇਲੀ ਸੁਪਰੀਮ ਕੋਰਟ ਵੱਲੋਂ ਆਪਣੇ ਖ਼ਿਲਾਫ਼ ਫ਼ੈਸਲਾ ਸੁਣਾਏ ਜਾਣ ਦਾ ਖ਼ਦਸ਼ਾ ਸੀ, ਉਨ੍ਹਾਂ ਦਾ ਖ਼ਿਆਲ ਹੈ ਕਿ ਜਿਸ ਜ਼ਮੀਨ ਤੋਂ ਉਨ੍ਹਾਂ ਨੂੰ ਬੇਦਖ਼ਲ ਕੀਤਾ ਜਾ ਰਿਹਾ ਸੀ, ਉਹ ਕੌਮਾਂਤਰੀ ਕਾਨੂੰਨਾਂ ਮੁਤਾਬਕ ਉਨ੍ਹਾਂ ਦੀ ਹੈ। ਛੇਤੀ ਹੀ ਹਾਲਾਤ ਖ਼ਰਾਬ ਹੋ ਗਏ ਤੇ ਹਿੰਸਾ ਭੜਕ ਉਠੀ। ਗਾਜ਼ਾ ਵਿਚ ਗੋਲੀਬਾਰੀ ਸ਼ੁਰੂ ਹੋ ਗਈ ਜਿਸ ਦੌਰਾਨ 66 ਬੱਚਿਆਂ ਸਣੇ 256 ਫਲਸਤੀਨੀ ਮਾਰੇ ਗਏ ਤੇ 119 ਜ਼ਖ਼ਮੀ ਹੋ ਗਏ। ਇਸ ਨਾਜ਼ੁਕ ਸਮੇਂ ਦੌਰਾਨ ਭਾਰਤ ਨੇ ਇਕ ਪਾਸੇ ਇਜ਼ਰਾਈਲ ਅਤੇ ਦੂਜੇ ਪਾਸੇ ਆਪਣੇ ਅਰਬ ਗੁਆਂਢੀਆਂ ਨਾਲ ਰਿਸ਼ਤਿਆਂ ਵਿਚ ਤਵਾਜ਼ਨ ਬਣਾਈ ਰੱਖਣ ਦਾ ਰਾਹ ਚੁਣਿਆ।

ਪਿਛਲੇ ਸਮੇਂ ਦੌਰਾਨ ਜਿਥੇ ਭਾਰਤ ਦੇ ਇਜ਼ਰਾਈਲ ਨਾਲ ਰਿਸ਼ਤੇ ਮਜ਼ਬੂਤ ਹੋਏ ਹਨ ਤੇ ਇਨ੍ਹਾਂ ਦਾ ਨਾ ਸਿਰਫ਼ ਘੇਰਾ ਵਧਿਆ ਹੈ ਸਗੋਂ ਇਨ੍ਹਾਂ ਵਿਚ ਵੰਨ-ਸਵੰਨਤਾ ਵੀ ਆਈ ਹੈ, ਨਾਲ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਇਜ਼ਰਾਇਲੀ ਹਮਰੁਤਬਾ ਬੈਂਜਾਮਿਨ ਨੇਤਨਯਾਹੂ ਨਾਲ ਵੀ ਵਧੀਆ ਨਿਜੀ ਸਬੰਧ ਕਾਇਮ ਕਰ ਲਏ ਹਨ। ਇਸ ਦੌਰਾਨ ਸ੍ਰੀ ਮੋਦੀ ਨੇ ਫਲਸਤੀਨ ਦੀ ਰਾਜਧਾਨੀ ਰਾਮੱਲਾ ਦਾ ਵੀ ਦੌਰਾ ਕੀਤਾ ਅਤੇ ਫਲਸਤੀਨੀ ਸਦਰ ਮਹਿਮੂਦ ਅੱਬਾਸ ਨਾਲ ਮੁਲਾਕਾਤ ਕੀਤੀ। ਦਿਲਚਸਪ ਗੱਲ ਇਹ ਵੀ ਹੈ ਕਿ ਹਾਲੀਆ ਵਰ੍ਹਿਆਂ ਦੌਰਾਨ ਇਜ਼ਰਾਈਲ ਅਤੇ ਇਸ ਦੇ ਅਰਬ ਗੁਆਂਢੀਆਂ ਦਰਮਿਆਨ ਨਵੇਂ ਰਿਸ਼ਤੇ ਬਣਦੇ ਵੀ ਦੇਖੇ ਗਏ, ਦੂਜੇ ਪਾਸੇ ਇਜ਼ਰਾਈਲ ਵਾਂਗ ਹੀ ਇਨ੍ਹਾਂ ਅਰਬ ਮੁਲਕਾਂ ਦੇ ਇਰਾਨ ਨਾਲ ਰਿਸ਼ਤਿਆਂ ਵਿਚ ਨਿਘਾਰ ਆਇਆ ਹੈ।

ਹੁਣ ਛੇ ਅਰਬ ਮੁਲਕਾਂ- ਮਿਸਰ, ਜੌਰਡਨ, ਬਹਿਰੀਨ, ਸੰਯੁਕਤ ਅਰਬ ਅਮੀਰਾਤ (ਯੂਏਈ), ਸੂਡਾਨ ਅਤੇ ਮੋਰੱਕੋ ਦੇ ਇਜ਼ਰਾਈਲ ਨਾਲ ਸਫ਼ਾਰਤੀ ਸਬੰਧ ਹਨ। ਹੋਰ ਵੀ ਛੇਤੀ ਇਸ ਰਾਹ ਪੈ ਸਕਦੇ ਹਨ। ਇਹ ਵੀ ਜ਼ਾਹਰ ਹੀ ਹੈ ਕਿ ਹੋਰ ਮੋਹਰੀ ਅਰਬ ਮੁਲਕਾਂ ਜਿਵੇਂ ਸਾਊਦੀ ਅਰਬ ਦੀ ਇਜ਼ਰਾਈਲ ਨਾਲ ਬੜੀ ਡੂੰਘੀ ਤੇ ਸਿੱਧੀ ਗੱਲਬਾਤ ਹੋ ਚੁੱਕੀ ਹੈ। ਉਨ੍ਹਾਂ ਦੇ ਖਿੱਤੇ ਵਿਚ ਇਰਾਨ ਦਾ ਦਬਦਬਾ ਰੋਕਣ ਲਈ ਹਿੱਤ ਵੀ ਸਾਂਝੇ ਹਨ ਅਤੇ ਉਹ ਖ਼ਾਸ ਕਰ ਇਰਾਨ ਵੱਲੋਂ ਕੱਟੜ ਤੇ ਗਰਮ ਖ਼ਿਆਲੀ ਅਰਬ ਗਰੁੱਪਾਂ ਨੂੰ ਦਿੱਤੇ ਜਾਣ ਵਾਲੇ ਸਹਿਯੋਗ ਤੋਂ ਦੁਖੀ ਹਨ। ਕੁਝ ਦਹਾਕਿਆਂ ਤੋਂ ਪੱਛਮੀ ਏਸ਼ਿਆਈ ਖਿੱਤੇ ਵਿਚ ਧਿਆਨ ਅਰਬ-ਇਜ਼ਰਾਇਲੀ ਦੁਸ਼ਮਣੀ ਤੋਂ ਬਦਲ ਕੇ ਅਰਬੀ-ਫ਼ਾਰਸੀ (ਇਰਾਨੀ) ਦੁਸ਼ਮਣੀ ਵੱਲ ਕੇਂਦਰਿਤ ਹੋ ਰਿਹਾ ਹੈ।

ਅਰਬ ਮੁਲਕਾਂ ਵਿਚ ਉਦੋਂ ਭਾਰੀ ਨਿਰਾਸ਼ਾ ਮਹਿਸੂਸ ਕੀਤੀ ਗਈ ਜਦੋਂ ਮਰਹੂਮ ਪ੍ਰਧਾਨ ਮੰਤਰੀ ਨਰਸਿਮ੍ਹਾ ਰਾਓ ਨੇ ਇਜ਼ਰਾਈਲ ਨੂੰ ਮਾਨਤਾ ਦਿੰਦਿਆਂ ਇਸ ਨਾਲ ਸਫ਼ਾਰਤੀ ਰਿਸ਼ਤੇ ਕਾਇਮ ਕੀਤੇ ਪਰ ਛੇਤੀ ਹੀ ਅਰਬ ਮੁਲਕਾਂ ਨੇ ਇਸ ਹਕੀਕਤ ਨੂੰ ਤਸਲੀਮ ਕਰ ਲਿਆ ਕਿ ਭਾਰਤ ਵੱਲੋਂ ਫਲਸਤੀਨੀ ਆਜ਼ਾਦੀ ਦੇ ਟੀਚੇ ਵਿਚ ਦਿਲਚਸਪੀ ਅਤੇ ਹਮਦਰਦੀ ਜਾਰੀ ਰੱਖੀ ਜਾਵੇਗੀ। ਮੋਦੀ ਜੌਰਡਨ ਤੋਂ ਜੌਰਡਨੀ ਹੈਲੀਕਾਪਟਰ ਵਿਚ ਸਵਾਰ ਹੋ ਕੇ ਫਲਸਤੀਨੀ ਸਦਰ ਮਹਿਮੂਦ ਅੱਬਾਸ ਨਾਲ ਮੀਟਿੰਗ ਲਈ ਫਲਸਤੀਨੀ ਰਾਜਧਾਨੀ ਰਾਮੱਲਾ ਗਏ ਸਨ, ਜਦੋਂ ਉਨ੍ਹਾਂ ਦੇ ਹੈਲੀਕਾਪਟਰ ਦੀ ਸੁਰੱਖਿਆ ਲਈ ਇਜ਼ਰਾਈਲ ਦਾ ਫ਼ੌਜੀ ਹਵਾਈ ਜਹਾਜ਼ ਨਾਲ ਉਡ ਰਿਹਾ ਸੀ। ਇਹੀ ਨਹੀਂ, ਗਾਜ਼ਾ ਤੇ ਯੋਰੋਸ਼ਲਮ ਦੀਆਂ ਹਾਲੀਆ ਘਟਨਾਵਾਂ ਬਾਰੇ ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਵਿਚ ਹੋਈ ਚਰਚਾ ਦੌਰਾਨ ਭਾਰਤ ਦੇ ਯੂਐੱਨ ਵਿਚ ਪੱਕੇ ਨੁਮਾਇੰਦੇ ਟੀਐੱਸ ਤ੍ਰਿਮੂਰਤੀ ਨੇ ਉਹ ਕੁਝ ਸਾਫ਼ ਤੌਰ ਤੇ ਬਿਆਨਿਆ ਜਿਸ ਦੀ ਭਾਰਤ ਦੋਵਾਂ ਇਜ਼ਰਾਈਲ ਅਤੇ ਫਲਸਤੀਨ ਤੋਂ ਤਵੱਕੋ ਕਰਦਾ ਹੈ। ਉਨ੍ਹਾਂ ਕਿਹਾ: ''ਭੜਕਾਹਟ ਘਟਾਉਣਾ ਸਮੇਂ ਦੀ ਲੋੜ ਹੈ। ਅਸੀਂ ਦੋਵਾਂ ਧਿਰਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਜ਼ਬਤ ਤੋਂ ਕੰਮ ਲੈਣ ਤੇ ਅਜਿਹੀ ਕੋਈ ਕਾਰਵਾਈ ਨਾ ਕਰਨ ਜਿਸ ਨਾਲ ਤਣਾਅ ਵਧੇ।''

ਇਜ਼ਰਾਈਲ ਇਸ ਗੱਲ ਨੂੰ ਤਸਲੀਮ ਕਰਦਾ ਹੈ ਕਿ ਵਕਤ ਨਾਲ ਯੂਰੋਪੀਅਨ ਤਾਕਤਾਂ ਫਲਸਤੀਨੀਆਂ ਦੀ ਤਰਸਯੋਗ ਹਾਲਤ ਵੱਲ ਜ਼ਿਆਦਾ ਹਮਦਰਦੀ ਰੱਖ ਰਹੀਆਂ ਹਨ। ਫਲਸਤੀਨੀਆਂ ਵੱਲ ਹਮਦਰਦੀ ਅਤੇ ਸਮਝ ਦੇ ਇਜ਼ਹਾਰ ਦੇ ਪ੍ਰਤੀਕ ਵਜੋਂ ਅਮਰੀਕਾ ਦੇ ਵਿਦੇਸ਼ ਮੰਤਰੀ ਐਂਥਨੀ ਬਲਿੰਕਨ ਨੇ ਐਲਾਨ ਕੀਤਾ ਕਿ ਰਾਮੱਲਾ ਵਿਚ ਫਲਸਤੀਨੀ ਰਾਸ਼ਟਰਪਤੀ ਮਹਿਮੂਦ ਅੱਬਾਸ ਨਾਲ ਉਨ੍ਹਾਂ ਦੀ ਮੁਲਾਕਾਤ ਤੋਂ ਬਾਅਦ ਅਮਰੀਕਾ ਨੇ ਯੋਰੋਸ਼ਲਮ ਵਿਚ ਆਪਣਾ ਕੌਂਸਲਖ਼ਾਨਾ ਮੁੜ ਖੋਲ੍ਹਣ ਦਾ ਫ਼ੈਸਲਾ ਕੀਤਾ ਹੈ। ਵਾਸ਼ਿੰਗਟਨ ਦਾ ਖ਼ਿਆਲ ਹੈ ਕਿ ਇਜ਼ਰਾਇਲੀ ਪ੍ਰਧਾਨ ਮੰਤਰੀ ਨੇਤਨਯਾਹੂ ਦਾ ਫਲਸਤੀਨੀਆਂ ਵੱਲ, ਖ਼ਾਸਕਰ ਯੋਰੋਸ਼ਲਮ ਵਿਚ, ਕੱਟੜ ਰਵੱਈਆ ਨੁਕਸਾਨਦੇਹ ਹੈ।

ਫਲਸਤੀਨ ਦਾ ਮੁੱਦਾ ਭਾਵੇਂ ਕਾਹਲੀ ਨਾਲ ਹੱਲ ਨਹੀਂ ਕੀਤਾ ਜਾ ਸਕਦਾ, ਤਾਂ ਵੀ ਇਹ ਗੱਲ ਧਿਆਨ ਰੱਖਣ ਵਾਲੀ ਹੈ ਕਿ ਅਮਰੀਕੀ ਸਦਰ ਜੋਅ ਬਾਇਡਨ ਉਨ੍ਹਾਂ ਫਲਸਤੀਨੀਆਂ ਦੇ ਮੁੜ-ਵਸੇਬੇ ਲਈ ਦਿਲਚਸਪੀ ਦਿਖਾ ਰਹੇ ਹਨ ਜਿਨ੍ਹਾਂ ਦੇ ਗਾਜ਼ਾ ਵਿਚਲੇ ਘਰ ਇਜ਼ਰਾਈਲ ਦੀ ਭਾਰੀ ਬੰਬਾਰੀ ਨਾਲ ਤਬਾਹ ਹੋ ਗਏ ਹਨ। ਦੂਜੇ ਪਾਸੇ ਇਜ਼ਰਾਈਲ ਵੱਲੋਂ ਅਰਬ ਮੁਲਕਾਂ ਖ਼ਾਸ ਕਰ ਸਾਊਦੀ ਅਰਬ ਨਾਲ ਆਪਣੇ ਰਸਮੀ ਸਫ਼ਾਰਤੀ ਰਿਸ਼ਤਿਆਂ ਦੀ ਕਾਇਮੀ ਲਈ ਜ਼ੋਰ ਪਾਇਆ ਜਾਵੇਗਾ। ਇਜ਼ਰਾਈਲ ਨੂੰ ਇਹ ਸਲਾਹ ਦਿੱਤੀ ਹੀ ਗਈ ਹੋਵੇਗੀ ਕਿ ਉਹ ਫਲਸਤੀਨੀ ਸਰਜ਼ਮੀਨ, ਖ਼ਾਸ ਕਰ ਯੋਰੋਸ਼ਲਮ ਵਿਚ ਯਹੂਦੀ ਭਾਈਚਾਰੇ ਦੇ ਹੋਰ ਨਾਜਾਇਜ਼ ਕਬਜ਼ਿਆਂ ਦੀ ਇਜਾਜ਼ਤ ਨਾ ਦੇਵੇ। ਇਸ ਦੌਰਾਨ ਫਲਸਤੀਨ ਦੀ ਬੇਗ਼ਾਨਗੀ ਦੇ ਖ਼ਾਤਮੇ ਲਈ ਚੁੱਕੇ ਜਾਣ ਵਾਲੇ ਕਦਮਾਂ ਨੂੰ ਠੋਸ ਤੇ ਅਮਲੀ ਰੂਪ ਦਿੱਤੇ ਜਾਣ ਦੀ ਬੇਹੱਦ ਜ਼ਰੂਰਤ ਹੈ।

ਬਹੁਤੇ ਆਸਾਰ ਨਹੀਂ ਕਿ ਮਿਸਰ ਅਤੇ ਸੰਭਵ ਤੌਰ 'ਤੇ ਸਾਊਦੀ ਅਰਬ ਦੀ ਹਮਾਸ ਨੂੰ ਭੜਕਾਹਟ ਪੈਦਾ ਕਰਨ ਤੋਂ ਰੋਕਣ 'ਚ ਵਰਤੋਂ ਹੋ ਸਕੇਗੀ। ਇਜ਼ਰਾਈਲ ਦੀ ਇਕ ਹੋਰ ਚਿੰਤਾ ਖਿੱਤੇ 'ਚ ਇਰਾਨ ਦੀ ਭੂਮਿਕਾ ਬਾਰੇ ਹੈ, ਕਿਉਂਕਿ ਇਰਾਨ ਵੱਲੋਂ ਖਿੱਤੇ 'ਚ ਹਮਾਸ ਵਰਗੇ ਦਹਿਸ਼ਤੀ ਗਰੁੱਪਾਂ ਨੂੰ ਹਥਿਆਰ ਮੁਹੱਈਆ ਕਰਵਾ ਕੇ ਆਪਣਾ ਦਬਦਬਾ ਵਧਾਇਆ ਜਾ ਰਿਹਾ ਹੈ। ਵੱਡਾ ਸਵਾਲ ਇਹੀ ਹੈ: ਕੀ ਤਹਿਰਾਨ (ਇਰਾਨ) ਵੱਲੋਂ ਹੁਣ ਉਸ ਸੂਰਤ ਵਿਚ ਵੀ ਇਹ ਨੀਤੀਆਂ ਜਾਰੀ ਰੱਖੀਆਂ ਜਾਣਗੀਆਂ, ਜਦੋਂ ਉਹ ਅਮਰੀਕਾ ਵੱਲੋਂ ਟਰੰਪ ਕਾਲ ਦੌਰਾਨ ਆਪਣੇ ਖ਼ਿਲਾਫ ਆਇਦ ਪਰਮਾਣੂ ਪਾਬੰਦੀਆਂ ਦੇ ਖ਼ਾਤਮੇ ਲਈ ਅਮਰੀਕਾ ਅਤੇ ਉਸ ਦੇ ਯੂਰੋਪੀਅਨ ਇਤਹਾਦੀਆਂ ਨਾਲ ਸਮਝੌਤੇ ਲਈ ਗੱਲਬਾਤ ਕਰੇਗਾ।

ਨੇਤਨਯਾਹੂ ਮੁਲਕ ਦੀਆਂ ਹਾਲੀਆ ਚੋਣਾਂ ਤੋਂ ਬਾਅਦ ਵਧੀਆ ਕੁਲੀਸ਼ਨ ਕਾਇਮ ਨਹੀਂ ਕਰ ਸਕੇ। ਹੁਣ ਇਜ਼ਰਾਈਲ ਵਿਚ ਵਿਚਾਰਧਾਰਕ ਤੌਰ ਤੇ ਵਖਰੇਵਿਆਂ ਵਾਲੀ ਕੁਲੀਸ਼ਨ ਸਰਕਾਰ ਕਾਇਮ ਹੋਣੀ ਤੈਅ ਹੈ ਜਿਸ ਦੀ ਅਗਵਾਈ ਸੱਜੇ-ਪੱਖੀ ਆਗੂ ਨਫ਼ਤਾਲੀ ਬੈਨੇਟ ਦੇ ਹੱਥ ਹੋਵੇਗੀ ਜੋ ਇਜ਼ਰਾਇਲੀ ਫ਼ੌਜ ਦੇ ਸਾਬਕਾ ਕਮਾਂਡੋ ਹਨ। ਇਜ਼ਰਾਈਲ ਦੀ ਨਵੀਂ ਸਰਕਾਰ ਵਿਚ ਖੱਬੇ-ਪੱਖੀ ਝੁਕਾਅ ਵਾਲੇ ਵਿਦੇਸ਼ ਮੰਤਰੀ ਯਾਇਰ ਲਾਪਿਡ ਵੀ ਸ਼ਾਮਲ ਹੋਣਗੇ। ਬੈਨੇਟ ਦਾ ਪ੍ਰਧਾਨ ਮੰਤਰੀ ਵਜੋਂ ਕਾਰਜਕਾਲ ਦੋ ਸਾਲਾਂ ਦਾ ਹੋਵੇਗਾ ਅਤੇ ਉਸ ਤੋਂ ਬਾਅਦ ਉਨ੍ਹਾਂ ਦੀ ਥਾਂ ਸ੍ਰੀ ਲਾਪਿਡ ਲੈਣਗੇ। ਇਸ ਸਾਰੇ ਘਟਨਾਕ੍ਰਮ ਤੋਂ ਬਾਇਡਨ ਪ੍ਰਸ਼ਾਸਨ ਖ਼ੁਸ਼ ਹੋਵੇਗਾ। ਇਸ ਦੌਰਾਨ ਮਿਸਰ ਅਤੇ ਸੰਭਵ ਤੌਰ ਤੇ ਸਾਊਦੀ ਅਰਬ ਦੀ ਮਦਦ ਨਾਲ ਹਮਾਸ ਨੂੰ ਗੜਬੜ ਕਰਨ ਤੋਂ ਰੋਕਿਆ ਜਾਵੇਗਾ। ਇਸ ਦੌਰਾਨ ਬਾਇਡਨ ਪ੍ਰਸ਼ਾਸਨ ਦਾ ਜ਼ਿਆਦਾ ਜ਼ੋਰ ਇਜ਼ਰਾਈਲ ਤੋਂ ਫਲਸਤੀਨੀਆਂ ਨਾਲ ਸੁਲ੍ਹਾ-ਸਫ਼ਾਈ ਵਾਲੇ ਕਦਮ ਚੁਕਵਾਉਣ ਤੇ ਲੱਗਾ ਰਹੇਗਾ। ਬੈਨੇਟ ਸਰਕਾਰ ਲਈ ਇਹ ਜ਼ਰੂਰੀ ਹੋਵੇ-ਗਾ ਕਿ ਉਹ ਯੋਰੋਸ਼ਲਮ ਨਾਲ ਸਬੰਧਤ ਮੁੱਦਿਆਂ ਤੇ ਸੰਜੀਦਗੀ ਨਾਲ ਅਤੇ ਫਲਸਤੀਨੀਆਂ ਦੇ ਸਰੋਕਾਰਾਂ ਨੂੰ ਸਮਝਦਿਆਂ ਕੰਮ ਕਰੇ।

**ਜੀ ਪਾਰਥਾਸਾਰਥੀ**
**ਲੇਖਕ ਪਾਕਿਸਤਾਨ ਵਿਚ ਭਾਰਤ ਦਾ ਹਾਈ ਕਮਿਸ਼ਨਰ ਰਹਿ ਚੁੱਕਾ ਹੈ।**

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਗੁ: ਗੰਗਸਰ ਸਾਹਿਬ ਜੈਤੋ ਮਾਮਲੇ 'ਚ ਦੋਸ਼ੀਆਂ 'ਤੇ ਮਿਸਾਲੀ ਕਾਰਵਾਈ ਲਈ ਮੁੱਖ ਮੰਤਰੀ ਨਿੱਜੀ ਦਖ਼ਲ ਦੇਵੇ : ਪ੍ਰੋ: ਸਰਚਾਂਦ ਸਿੰਘ

**ਅੰਮ੍ਰਿਤਸਰ (ਕੁਲਵੰਤ ਸਿੰਘ ਵਿਰਦੀ)** ਇਤਿਹਾਸਕ ਗੁਰਦੁਆਰਾ ਗੰਗਸਰ ਸਾਹਿਬ ਜੈਤੋ 'ਚ ਵਾਪਰੀ ਗੈਰ ਇਖ਼ਲਾਕੀ ਘਟਨਾ 'ਚ ਸ਼ਾਮਿਲ ਦੋਸ਼ੀ ਮੁਲਜ਼ਮਾਂ 'ਤੇ ਬਣਦੀ ਕਾਰਵਾਈ ਪ੍ਰਤੀ ਪੁਲੀਸ ਪ੍ਰਸ਼ਾਸਨ ਦੀ ਢਿੱਲ ਮੱਠ ਨੂੰ ਅਫ਼ਸੋਸਨਾਕ ਕਰਾਰ ਦਿੰਦਿਆਂ ਦੋਸ਼ੀਆਂ 'ਤੇ ਸਖ਼ਤ ਤੇ ਮਿਸਾਲੀ ਕਾਰਵਾਈ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਨਿੱਜੀ ਦਖ਼ਲ ਦੇਣ ਦੀ ਫੈਡਰੇਸ਼ਨ ਆਗੂ ਪ੍ਰੋ: ਸਰਚਾਂਦ ਸਿੰਘ ਨੇ ਪੁਰਜ਼ੋਰ ਅਪੀਲ ਕੀਤੀ ਹੈ।



ਉਨ੍ਹਾਂ ਕਿਹਾ ਕਿ ਗੁ: ਗੰਗਸਰ ਸਾਹਿਬ ਜੈਤੋ 'ਚ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਵੱਲੋਂ ਕੀਤੀਆਂ ਗਈਆਂ ਕਰਤੂਤਾਂ ਨੇ ਸਿੱਖ ਕੌਮ ਨੂੰ ਸ਼ਰਮਸਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਦੋਸ਼ੀਆਂ 'ਤੇ ਹੁਣ ਤਕ ਹੋਈ ਕਾਰਵਾਈ ਸੰਗਤ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਕਮੇਟੀ ਨਾਲ ਸੰਬੰਧਿਤ ਗੁਰਦੁਆਰਿਆਂ ਦੇ ਸੁਚਾਰੂ ਪ੍ਰਬੰਧ ਚਲਾਉਣ 'ਚ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਿਆਂ 'ਚ ਕੀ ਹੋ ਰਿਹਾ ਹੈ ਇਹ ਵੀ ਬੀਬੀ ਜਗੀਰ ਕੌਰ ਨੂੰ ਜੇ ਨਹੀਂ ਪਤਾ ਤਾਂ ਫਿਰ ਉਸ ਨੂੰ ਅਹੁਦੇ 'ਤੇ ਬਣੇ ਰਹਿਣ ਦਾ ਕੋਈ ਹੱਕ ਨਹੀਂ। ਉਨ੍ਹਾਂ ਕਿਹਾ ਕਿ ਕੁਝ ਦਿਨ ਪਹਿਲਾਂ ਫ਼ਿਰੋਜ਼ਪੁਰ ਜ਼ਿਲ੍ਹੇ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਗੁਰੂਸਰ ਜਾਮਣੀ ਸਾਹਿਬ ਪਿੰਡ ਬਜੀਦਪੁਰ ਵਿਖੇ ਵੀ ਇਕ ਬਾਥਰੂਮ ਵਿਚੋਂ ਇਕ ਬੀਬੀ ਦੀ ਮੁਸ਼ਕ ਮਾਰਦੀ ਲਾਸ਼ ਬਰਾਮਦ ਹੋਈ ਸੀ, ਜਿਸ ਤੋਂ ਪਤਾ ਲਗਦਾ ਹੈ ਕਿ ਕੋਈ ਵੀ ਸੇਵਾਦਾਰ ਗੁਰਦੁਆਰੇ ਦੇ ਅਦੂਦ ਅੰਦਰ ਬਣੇ ਬਾਥਰੂਮਾਂ ਦੀ ਤਿੰਨ ਦਿਨ ਤੋਂ ਵਧ ਸਮੇਂ ਤਕ ਵੀ ਸਫ਼ਾਈ ਕਰਨੀ ਤਾਂ ਦੂਰ ਦੇਖਣ ਵੀ ਨਹੀਂ ਗਿਆ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਦੋਸ਼ੀ ਮੁਲਾਜ਼ਮਾਂ 'ਤੇ ਕਾਰਵਾਈ ਕਰਾਉਣ ਲਈ ਗੁ: ਗੰਗਸਰ ਸਾਹਿਬ 'ਚ ਰੋਸ ਪ੍ਰਦਰਸ਼ਨ ਕਰ ਰਹੀਆਂ ਸੰਗਤਾਂ ਨਾਲ ਫ਼ੋਨ 'ਤੇ ਗੱਲਬਾਤ ਦੌਰਾਨ ਬੀਬੀ ਜਗੀਰ ਕੌਰ ਵੱਲੋਂ ਹਾਲਾਤ ਦੀ ਗੰਭੀਰਤਾ ਅਤੇ ਧਾਰਮਿਕ ਸੰਵੇਦਨਸ਼ੀਲਤਾ ਨੂੰ ਸਮਝੇ ਬਿਨਾ ਨਕਾਰਾਤਮਿਕ ਅਤੇ ਆਪਣੇ ਅਹੁਦੇ ਪ੍ਰਤੀ ਹੰਕਾਰ ਦਾ ਜੋ ਪ੍ਰਗਟਾਵਾ ਕੀਤਾ ਗਿਆ ਉਸ ਪ੍ਰਤੀ ਬੀਬੀ ਜਗੀਰ ਕੌਰ ਨੂੰ ਸੰਗਤ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਨਿੱਤ ਦਿਨ ਸ਼੍ਰੋਮਣੀ ਕਮੇਟੀ ਨਾਲ ਸੰਬੰਧਿਤ ਅਦਾਰਿਆਂ 'ਚ ਕੁਝ ਮੁਲਾਜ਼ਮਾਂ ਵੱਲੋਂ ਸਿੱਖੀ ਸਿਧਾਂਤਾਂ ਅਤੇ ਮਰਯਾਦਾ ਦੀਆਂ ਧੱਜੀਆਂ ਦਾ ਉਡਾਇਆ ਜਾਣਾ ਅਤੇ ਨਕਾਰਾਤਮਿਕ ਖ਼ਬਰਾਂ ਦਾ ਆਉਣਾ ਸਿੱਖ ਕੌਮ ਲਈ ਚਿੰਤਾ ਦਾ ਵਿਸ਼ਾ ਹੈ ਅਤੇ ਇਸ ਨਾਲ ਸ਼ਤਾਬਦੀ ਸਮਾਗਮਾਂ ਦੇ ਹਾਸਲ ਨੂੰ ਗਵਾਉਣ ਅਤੇ ਨਵੀਂ ਪੀੜੀ ਨੂੰ ਸਿੱਖੀ ਨਾਲੋਂ ਦੂਰ ਕਰਨ ਦਾ ਕਾਰਨ ਬਣ ਸਕਦੇ ਹਨ। ਉਨ੍ਹਾਂ ਗੁਰਧਾਮਾਂ ਦੀ ਮਾਣ ਮਰਯਾਦਾ ਨੂੰ ਬਣਾਈ ਰੱਖਣ ਲਈ ਸ਼੍ਰੋਮਣੀ ਕਮੇਟੀ ਦੇ ਸ਼ੱਕੀ ਅਤੇ ਦਾਗੀ ਮੁਲਾਜ਼ਮਾਂ ਦੀ ਸਕਰੀਨਿੰਗ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

# ਕਮਿਸ਼ਨਰ ਸ਼੍ਰੀਮਤੀ ਕੋਮਲ ਮਿੱਤਲ ਨੇ ਸਵਿਸ ਕਾਲੋਨੀਆਂ ਦਾ ਦੌਰਾ ਕਰਦਿਆਂ ਸਥਾਨਕ ਨਿਵਾਸੀਆਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਖੁੱਲ ਕੇ ਸੁਣਿਆ

**ਅੰਮ੍ਰਿਤਸਰ ( ਕੁਲਵੰਤ ਸਿੰਘ ਵਿਰਦੀ )** ਸਥਾਨਕ ਨਗਰ ਨਿਗਮ ਕਮਿਸ਼ਨਰ ਸ਼੍ਰੀਮਤੀ ਕੋਮਲ ਮਿੱਤਲ ਨੇ ਉੱਚ ਅਧਿਕਾਰੀਆਂ ਨੂੰ ਨਾਲ ਲੈ ਕੇ ਸਵਿਸ ਕਾਲੋਨੀਆਂ ( ਸਵਿਸ ਗਰੀਨ, ਸਵਿਸ ਲੈਂਡ) ਦਾ ਦੌਰਾ ਕੀਤਾ ਅਤੇ ਸਥਾਨਕ ਨਿਵਾਸੀਆਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਖੁੱਲ ਕੇ ਸੁਣਿਆ।

ਇਸ ਮੌਕੇ ਸਵਿਸ ਕਾਲੋਨੀਜ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਡਾ: ਕਸ਼ਮੀਰ ਸਿੰਘ ਖੁੰਡਾ ਦੀ ਅਗਵਾਈ 'ਚ ਕਾਲੋਨੀ ਵਾਸੀਆਂ ਨੇ ਕਮਿਸ਼ਨਰ ਸ਼੍ਰੀਮਤੀ ਕੋਮਲ ਮਿੱਤਲ ਨੂੰ ਆਪਣੀਆਂ ਕਾਲੋਨੀਆਂ ਦੀਆਂ ਖਸਤਾ ਹਾਲਤ ਰਾਹਾਂ 'ਤੇ ਪੈਦਲ ਤੋਰਦਿਆਂ ਇੱਥੋਂ ਦੇ ਤਰਸਯੋਗ ਹਾਲਾਤਾਂ ਤੋਂ ਜਾਣੂ ਕਰਾਇਆ। ਉਨ੍ਹਾਂ ਕਮਿਸ਼ਨਰ ਨੂੰ ਕਿਹਾ ਕਿ ਇਨ੍ਹਾਂ ਕਾਲੋਨੀਆਂ ਨੂੰ ਰੈਗੂਲਰ ਕਰਾਇਆ ਜਾਵੇ ਅਤੇ ਵਿਕਾਸ ਕਾਰਜਾਂ 'ਚ ਤੇਜ਼ੀ ਲਿਆਂਦੀ ਜਾਵੇ। ਉਨ੍ਹਾਂ ਜਿਨ੍ਹਾਂ ਕਲੋਨਾਈਜ਼ਰ ਵੱਲੋਂ ਉਕਤ ਕਾਲੋਨੀਆਂ ਨੂੰ ਰੈਗੂਲਰ ਨਹੀਂ ਕਰਾਇਆ ਗਿਆ ਉਨ੍ਹਾਂ ਖ਼ਿਲਾਫ਼ ਕਾਰਵਾਈ ਕਰਨ ਵੀ ਮੰਗ ਕੀਤੀ । ਉਨ੍ਹਾਂ ਦੱਸਿਆ ਕਿ ਉਕਤ ਕਾਲੋਨੀਆਂ ਵਿਚ ਰਿਹਾਇਸ਼ ਰੱਖਣ ਵਾਲਿਆਂ ਵੱਲੋਂ ਕਾਰਪੋਰੇਸ਼ਨ ਤੋਂ ਨਕਸ਼ੇ ਪਾਸ ਕਰਵਾਏ, ਐਨ ਓ ਸੀ ਸਰਟੀਫਿਕੇਟ ਜਾਰੀ ਕਰਵਾਏ, ਡਿਵੈਲਪਮੈਂਟ ਖ਼ਰਚੇ ਅਤੇ ਹੋਰ ਲੋੜੀਂਦੇ ਖ਼ਰਚ ਜਮਾਂ ਕਰਵਾਏ ਗਏ ਹਨ। ਉਨ੍ਹਾਂ ਦੱਸਿਆ ਸੜਕਾਂ ਤੋਂ ਇਲਾਵਾ ਪਾਣੀ ਸਪਲਾਈ, ਸਟਰੀਟ ਲਾਈਟਾਂ ਲਾਉਣ, ਸਾਫ਼ ਸਫ਼ਾਈ, ਪਾਰਕਾਂ ਦਾ ਵਿਕਾਸ ਦੇ ਕਾਰਜ ਤੁਰੰਤ ਕਰਾਏ ਜਾਣ ਅਤੇ ਕਾਲੋਨੀ ਦੇ ਪਾਸ ਤੋਂ ਗੁਜ਼ਰਦੇ ਗੰਦੇ ਨਾਲੇ ਦੇ ਜ਼ਹਿਰੀਲੇ ਪਾਣੀ ਨੂੰ ਮੇਨ ਸੀਵਰੇਜ ਵਿਚ ਨਿਕਾਸ ਕਰਨ ਦੀ ਅਪੀਲ ਕੀਤੀ। ਨਗਰ ਨਿਗਮ ਕਮਿਸ਼ਨਰ ਸ਼੍ਰੀਮਤੀ ਕੋਮਲ ਮਿੱਤਲ ਨੇ ਕਾਲੋਨੀ ਵਾਸੀਆਂ ਨੂੰ ਪੂਰੇ ਧਿਆਨ ਅਤੇ ਹਮਦਰਦੀ ਨਾਲ ਸੁਣਿਆ ਅਤੇ ਹਰ ਸੰਭਵ ਹੱਲ ਕਰਨ ਅਤੇ ਵਿਕਾਸ ਕਾਰਜਾਂ 'ਚ ਤੇਜ਼ੀ ਲਿਆਉਣ ਦਾ ਭਰੋਸਾ ਦਿੱਤਾ। ਯਾਦ ਰਹੇ ਕਿ ਕਾਲੋਨੀਆਂ ਨੂੰ ਰੈਗੂਲਰ ਕਰਵਾਉਣ ਅਤੇ ਡਿਵੈਲਪਮੈਂਟ ਮਾਮਲਿਆਂ ਨੂੰ ਲੈ ਕੇ ਇਕ ਵਫ਼ਦ ਵੱਲੋਂ ਬੀਤੇ ਦਿਨੀਂ ਨਗਰ ਨਿਗਮ ਕਮਿਸ਼ਨਰ ਨਾਲ ਮੁਲਾਕਾਤ ਕਰਦਿਆਂ ਮੰਗ ਪੱਤਰ ਸੌਂਪਿਆ ਗਿਆ ਸੀ। ਇਸ ਮੌਕੇ, ਪ੍ਰੋ: ਸਰਚਾਂਦ ਸਿੰਘ, ਗੁਰਸਾਹਿਬ ਸਿੰਘ ਮਾੜੀ ਮੇਘਾ, ਜਸਬੀਰ ਸਿੰਘ ਬੰਦੇਸ਼ਾ, ਜਤਿੰਦਰ ਸਿੰਘ ਰੰਧਾਵਾ, ਅਸ਼ੋਕ ਕੁਮਾਰ ਸ਼ਰਮਾ, ਰਛਪਾਲ ਸਿੰਘ, ਸੁਰਿੰਦਰ ਸਿੰਘ ਗੰਡੀਵਿੰਡ, ਪ੍ਰਲਾਜ ਸਿੰਘ, ਸੁਖਵੰਤ ਸਿੰਘ, ਗੌਤਮ ਜੀਤ ਸਿੰਘ ਗੈਵੀ ਵੜੈਚ, ਨਰਿੰਦਰ ਜੈਨ, ਗੁਰਵਿੰਦਰ ਸਿੰਘ ਵਿਰਦੀ, ਦਿਵਾਕਰ ਕਪੂਰ, ਅਮੋਲਕ ਸਿੰਘ, ਸੁਭਾਸ਼ ਜੈਨ, ਅੰਗਰੇਜ਼ ਸਿੰਘ, ਮਨਿੰਦਰ ਸਿੰਘ, ਸ਼ਿਵ ਕੁਮਾਰ ਖੰਨਾ, ਦਿਲਬਾਗ ਸਿੰਘ, ਦਲਬੀਰ ਸਿੰਘ, ਗੁਰਜੀਤ ਸਿੰਘ ਔਲਖ, ਚਰਨਜੀਤ ਸਿੰਘ, ਬਲਬੀਰ ਸਿੰਘ ਕੰਗ, ਬਲਰਾਜ ਸਿੰਘ, ਅਰਾਧਨਾ ਜੈਨ, ਮੈਡਮ ਸੈਣੀ, ਨੇਹਾ ਅਰੋੜਾ, ਤਰਨਜੀਤ ਕੌਰ, ਰਕਵਿੰਦਰ ਕੌਰ, ਰਣਜੀਤ ਕੌਰ, ਸਰਬਜੀਤ ਕੌਰ, ਸੋਨੀਆ ਅਰੋੜਾ, ਮਨਜੀਤ ਕੌਰ, ਵਰਧਮਾਨ ਜੈਨ, ਕਰਨਬੀਰ ਸਿੰਘ ਮਾਨ, ਆਦਿ ਮੌਜੂਦ ਸਨ।





**ਨਗਰ ਨਿਗਮ ਕਮਿਸ਼ਨਰ ਸ਼੍ਰੀਮਤੀ ਕੋਮਲ ਮਿੱਤਲ ਸਵਿਸ ਕਾਲੋਨੀਆਂ ਦਾ ਦੌਰਾ ਕਰਦਿਆਂ ਸਥਾਨਕ ਵਾਸੀਆਨ ਤੋਂ ਮੁਸ਼ਕਲਾਂ ਸੁਣਦੇ ਹਏ।**

# ਖ਼ਾਲਸਾਈ ਸ਼ਾਨ ਨਾਲ ਮਨਾਵਾਂਗੇ 21 ਨੂੰ ਕੌਮਾਂਤਰੀ ਗਤਕਾ ਦਿਹਾੜਾ : ਜਥਾ ਸਿਰਲੱਥ ਖ਼ਾਲਸਾ

## ਸ਼ਸਤਰ ਵਿੱਦਿਆ ਸਿੱਖ ਕੌਮ ਦਾ ਅਹਿਮ ਅੰਗ ਹੈ - ਜਥੇਦਾਰ ਦਿਲਬਾਗ ਸਿੰਘ ਸੁਲਤਾਨਵਿੰਡ

**ਜੰਡਿਆਲਾ ਗੁਰ ( ਕੁਲਵੰਤ ਸਿੰਘ ਵਿਰਦੀ, )**ਜਥਾ ਸਿਰਲੱਥ ਖ਼ਾਲਸਾ ਦੇ ਮੁੱਖ ਜਥੇਦਾਰ ਭਾਈ ਦਿਲਬਾਗ ਸਿੰਘ ਸੁਲਤਾਨਵਿੰਡ, ਭਾਈ ਸਤਵਿੰਦਰ ਸਿੰਘ ਨਿਹੰਗ, ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਪੰਜਾਬ ਦੇ ਪ੍ਰਧਾਨ ਭਾਈ ਬਲਬੀਰ ਸਿੰਘ ਮੁੱਛਲ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਭਾਈ ਭੁਪਿੰਦਰ ਸਿੰਘ ਛੇ ਜੂਨ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ 21 ਜੂਨ ਨੂੰ ਕੌਮਾਂਤਰੀ ਗਤਕਾ ਦਿਹਾੜਾ ਗੁ. ਅਟਾਰੀ ਸਾਹਿਬ, ਸੁਲਤਾਨਵਿੰਡ ਪਿੰਡ, ਸ੍ਰੀ ਅੰਮ੍ਰਿਤਸਰ ਵਿਖੇ ਮਨਾਇਆ ਜਾਵੇਗਾ। ਆਗੂਆਂ ਨੇ ਦੱਸਿਆ ਕਿ ਇਸ ਮੌਕੇ ਗਤਕਾਂ ਟੀਮਾਂ ਗਤਕੇ ਦੇ ਜੌਹਰ ਵਿਖਾਉਣਗੀਆਂ ਤੇ ਬੁਲਾਰੇ ਸੰਗਤਾਂ ਨੂੰ ਸੰਬੋਧਨ ਕਰਨਗੇ। ਆਗੂਆਂ ਨੇ ਕਿਹਾ ਕਿ ਸ਼ਸਤਰ ਵਿੱਦਿਆ ਸਿੱਖ ਕੌਮ ਦਾ ਅਹਿਮ ਅੰਗ ਹੈ ਅਤੇ ਸਿੱਖ ਅਤੇ ਸ਼ਸਤਰ ਦਾ ਬਹੁਤ ਗੂੜ੍ਹਾ ਰਿਸ਼ਤਾ ਹੈ। ਸਿੱਖ ਧਰਮ ਅੰਦਰ ਭਗਤੀ ਤੇ ਸ਼ਕਤੀ, ਬਾਣੀ ਤੇ ਬਾਣਾ, ਸੰਤ ਤੇ ਸਿਪਾਹੀ ਦਾ ਵਿਧਾਨ ਗੁਰੂ ਪਾਤਸ਼ਾਹ ਨੇ ਹੀ ਸਿਰਜਿਆ ਹੈ। ਉਨ੍ਹਾਂ ਕਿਹਾ ਕਿ ਹਿੰਦੂਆਂ ਦੇ ਯੋਗਾ ਦਿਵਸ ਨਾਲ ਸਾਡਾ ਕੋਈ ਸਬੰਧ ਨਹੀਂ, ਇਸੇ ਲਈ ਸਿੱਖ ਕੌਮ ਨੇ ਯੋਗਾ ਦਿਵਸ ਨੂੰ ਨਕਾਰ ਕੇ ਦੇਸ਼ਾਂ-ਵਿਦੇਸ਼ਾਂ ਵਿਚ ਗਤਕਾ ਦਿਹਾੜਾ ਮਨਾਇਆ ਹੈ। ਉਨ੍ਹਾਂ ਕਿਹਾ ਕਿ ਸਾਡਾ ਗ੍ਰੰਥ, ਪੰਥ, ਇਤਿਹਾਸ, ਸਭਿਆਚਾਰ, ਬੋਲੀ, ਪਹਿਰਾਵਾ, ਖਾਣ-ਪੀਣ, ਰਹਿਣ-ਸਹਿਣ, ਧਰਮ ਅਸਥਾਨ ਅਤੇ ਸ਼ਹੀਦ ਭਾਵ ਸਭ ਕੁਝ ਹਿੰਦੂਆਂ ਨਾਲੋਂ ਵੱਖਰਾ ਹੈ। ਇਸ ਮੌਕੇ ਭਾਈ ਜਸਵਿੰਦਰ ਸਿੰਘ ਬਹੋੜੂ, ਭਾਈ ਰਛਪਾਲ ਸਿੰਘ, ਭਾਈ ਮਨਦੀਪ ਸਿੰਘ ਖ਼ਾਲਸਾ, ਬੀਬੀ ਮਨਿੰਦਰ ਕੌਰ ਹਾਜ਼ਰ ਸਨ।



# ਕਾਂਗਰਸ ਵੱਲੋਂ ਕੀਤੀਆਂ ਗੈਰਕਾਨੂੰਨੀ ਨਿਯੁਕਤੀਆਂ ਰੱਦ ਕਰਾਂਗੇ: ਸੁਖਬੀਰ

**ਚੰਡੀਗੜ੍ਹ।** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਨੇ ਆਪਣੀ ਕੁਰਸੀ ਬਚਾਉਣ ਵਾਸਤੇ ਕਾਂਗਰਸੀ ਵਿਧਾਇਕਾਂ ਦੇ ਪੁੱਤਰਾਂ ਨੂੰ ਪੁਲੀਸ ਤੇ ਮਾਲ ਵਿਭਾਗ ਵਿਚ ਨੌਕਰੀ ਦੇ ਦਿੱਤੀ ਹੈ ਅਤੇ 2022 ਵਿਚ ਸੂਬੇ ਵਿਚ ਅਕਾਲੀ ਦਲ ਤੇ ਬਸਪਾ ਦੀ ਸਰਕਾਰ ਬਣਨ 'ਤੇ ਅਜਿਹੀਆਂ ਸਾਰੀਆਂ ਤਰਸ ਦੇ ਆਧਾਰ 'ਤੇ ਕੀਤੀਆਂ ਗੈਰਕਾਨੂੰਨੀ ਨਿਯੁਕਤੀਆਂ ਰੱਦ ਕੀਤੀਆਂ ਜਾਣਗੀਆਂ। ਉਨ੍ਹਾਂ ਆਖਿਆ ਕਿ ਗਰੀਬ ਤੇ ਹੁਸ਼ਿਆਰ ਨੌਜਵਾਨ ਘਰ ਘਰ ਨੌਕਰੀ ਸਕੀਮ ਤਹਿਤ ਨੌਕਰੀਆਂ ਦੀ ਉਡੀਕ ਕਰ ਰਹੇ ਹਨ ਪਰ ਕਾਂਗਰਸ ਸਰਕਾਰ ਨੇ ਨਾਅਰਾ ਬਦਲ ਕੇ ਕੇਵਲ ਕਾਂਗਰਸ ਘਰ ਨੌਕਰੀ ਕਰ ਦਿੱਤਾ ਹੈ। ਪਹਿਲਾਂ ਨਿਯਮਾਂ ਨੂੰ ਛਿੱਕੇ ਟੰਗ ਕੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਨੂੰ ਜਾਅਲੀ ਤਰਸ ਦੇ ਆਧਾਰ 'ਤੇ ਡੀਐੱਸਪੀ ਲਾ ਦਿੱਤਾ ਗਿਆ ਤੇ ਹੁਣ ਇਸੇ ਤਰੀਕੇ ਜਾਅਲੀ ਤਰਸ ਦੇ ਆਧਾਰ 'ਤੇ ਕਾਂਗਰਸੀ ਵਿਧਾਇਕਾਂ ਫਤਿਹ ਜੰਗ ਬਾਜਵਾ ਤੇ ਰਾਕੇਸ਼ ਪਾਂਡੇ ਦੇ ਪੁੱਤਰਾਂ ਨੂੰ ਕ੍ਰਮਵਾਰ ਇੰਸਪੈਕਟਰ ਤੇ ਨਾਇਬ ਤਹਿਸੀਲਦਾਰ ਲਗਾ ਦਿੱਤਾ ਹੈ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਵਿਧਾਇਕਾਂ ਦੇ ਬੱਚਿਆਂ ਨੂੰ ਸਿਰਫ ਇਸ ਆਧਾਰ 'ਤੇ ਨੌਕਰੀ ਨਹੀਂ ਦਿੱਤੀ ਜਾ ਸਕਦੀ ਕਿ ਉਨ੍ਹਾਂ ਦੇ ਦਾਦਿਆਂ ਨੇ ਸ਼ਹਾਦਤਾਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਨਿੰਦਣਯੋਗ ਗੱਲ ਹੈ ਕਿ ਮੁੱਖ ਮੰਤਰੀ ਨੇ ਪੰਜਾਬ ਵਿਚ ਕਾਂਗਰਸ ਪਾਰਟੀ ਵਿੱਚ ਚੱਲ ਰਹੇ ਕਲੇਸ਼ ਦੌਰਾਨ ਆਪਣੀ ਕੁਰਸੀ ਬਚਾਉਣ ਲਈ ਐਕਟ ਬਾਰੇ ਗਲਤ ਬਿਆਨੀ ਕੀਤੀ ਹੈ।



# ਬੇਰੁਜ਼ਗਾਰ ਅਧਿਆਪਕਾਂ ਨੇ ਸਿੱਖਿਆ ਮੰਤਰੀ ਦੀ ਗੱਡੀ ਘੇਰੀ

## ਪੁਲੀਸ ਨੇ ਅਧਿਆਪਕ ਆਗੂ ਹਿਰਾਸਤ 'ਚ ਲਿਆ; ਰੈਸਟ ਹਾਊਸ, ਡੀਸੀ ਕੰਪਲੈਕਸ ਅਤੇ ਥਾਣੇ ਅੱਗੇ ਮੁਜ਼ਾਹਰੇ

**ਸੰਗਰਰ।** ਰੁਜ਼ਗਾਰ ਦੀ ਮੰਗ ਸਬੰਧੀ ਪਿਛਲੇ ਕਰੀਬ ਸਾਢੇ ਪੰਜ ਮਹੀਨਿਆਂ ਤੋਂ ਇਥੇ ਪੱਕੇ ਮੋਰਚੇ 'ਤੇ ਬੈਠੇ ਬੇਰੁਜ਼ਗਾਰ ਈਟੀਟੀ ਟੈੱਟ ਪਾਸ ਅਧਿਆਪਕ ਯੂਨੀਅਨ ਅਤੇ ਬੇਰੁਜ਼ਗਾਰ ਸਾਂਝੇ ਮੋਰਚੇ ਨੂੰ ਜਿਉਂ ਹੀ ਸਿੱਖਿਆ ਮੰਤਰੀ ਦੇ ਰੈੱਸਟ ਹਾਊਸ ਵਿਚ ਮੌਜੂਦ ਹੋਣ ਦੀ ਭਿਣਕ ਪਈ ਤਾਂ ਬੇਰੁਜ਼ਗਾਰ ਅਧਿਆਪਕਾਂ ਨੇ ਰੈਸਟ ਹਾਊਸ ਦਾ ਘਿਰਾਓ ਕਰ ਲਿਆ।

ਕਰੀਬ ਦੋ-ਢਾਈ ਘੰਟਿਆਂ ਮਗਰੋਂ ਪ੍ਰਦਰਸ਼ਨਕਾਰੀਆਂ ਨੂੰ ਜਦੋਂ ਪਤਾ ਲੱਗਿਆ ਕਿ ਸਿੱਖਿਆ ਮੰਤਰੀ ਰੈਸਟ ਹਾਊਸ ਤੋਂ ਡੀਸੀ ਦਫ਼ਤਰ ਚਲੇ ਗਏ ਹਨ ਤਾਂ ਉਨ੍ਹਾਂ ਉੱਥੇ ਸਿੱਖਿਆ ਮੰਤਰੀ ਦੀ ਗੱਡੀ ਘੇਰ ਲਈ। ਇਸ ਮੌਕੇ ਮੌਜੂਦ ਪੁਲੀਸ ਅਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਕਾਫ਼ੀ ਖਿੱਚ-ਧੂਹ ਹੋਈ ਅਤੇ ਸਿੱਖਿਆ ਮੰਤਰੀ ਦੀ ਗੱਡੀ ਨੂੰ ਸੁਰੱਖਿਅਤ ਕੱਢਣ ਲਈ ਪੁਲੀਸ ਨੂੰ ਕਾਫ਼ੀ ਜੱਦੋਜਹਿਦ ਕਰਨੀ ਪਈ। ਇਸ ਮਗਰੋਂ ਪੁਲੀਸ ਨੇ ਬੇਰੁਜ਼ਗਾਰ ਈਟੀਟੀ ਅਧਿਆਪਕ ਯੂਨੀਅਨ ਦੇ ਇੱਕ ਆਗੂ ਨਿਰਮਲ ਸਿੰਘ ਜ਼ੀਰਾ ਨੂੰ ਹਿਰਾਸਤ ਵਿਚ ਲੈ ਲਿਆ, ਜਿਸ ਤੋਂ ਭੜਕੇ ਬੇਰੁਜ਼ਗਾਰ ਅਧਿਆਪਕਾਂ ਨੇ ਡੀਸੀ ਕੰਪਲੈਕਸ, ਰੈਸਟ ਹਾਊਸ ਅਤੇ ਦੇਰ ਸ਼ਾਮ ਥਾਣਾ ਸਿਟੀ ਅੱਗੇ ਪ੍ਰਦਰਸ਼ਨ ਕੀਤਾ।

ਸੂਬਾ ਪ੍ਰਧਾਨ ਦੀਪਕ ਕੰਬੋਜ, ਸੀਨੀਅਰ ਮੀਤ ਪ੍ਰਧਾਨ ਸੰਦੀਪ ਸਾਮਾ ਤੇ ਬੇਰੁਜ਼ਗਾਰ ਸਾਂਝੇ ਮੋਰਚੇ ਦੇ ਆਗੂ ਸੁਖਵਿੰਦਰ ਸਿੰਘ ਢਿੱਲਵਾਂ ਨੇ ਦੱਸਿਆ ਕਿ ਡੀਸੀ ਦਫ਼ਤਰ ਨੇੜੇ ਸਿੱਖਿਆ ਮੰਤਰੀ ਦੀ ਗੱਡੀ ਦਾ ਘਿਰਾਓ ਕਰਨ ਵੇਲੇ ਪੁਲੀਸ ਨਾਲ ਹੋਈ ਖਿੱਚ-ਧੂਹ ਦੌਰਾਨ ਇੱਕ-ਦੋ ਮਹਿਲਾ ਅਧਿਆਪਕਾਂ ਦੇ ਸੱਟਾਂ ਵੀ ਲੱਗੀਆਂ ਹਨ। ਰਾਤ ਅੱਠ ਵਜੇ ਤੱਕ ਬੇਰੁਜ਼ਗਾਰਾਂ ਵੱਲੋਂ ਥਾਣਾ ਸਿਟੀ ਦਾ ਘਿਰਾਓ ਜਾਰੀ ਸੀ।ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ ਨੇ ਕਿਹਾ ਕਿ ਸਰਕਾਰ ਬੇਰੁਜ਼ਗਾਰ ਅਧਿਆਪਕਾਂ ਦੀਆਂ ਮੰਗਾਂ ਹੱਲ ਕਰਨ ਲਈ ਗੰਭੀਰ ਹੈ। ਭਰਤੀ ਦੀ ਉਮਰ ਵਿਚ 37 ਸਾਲ ਤੱਕ ਛੋਟ ਦੇ ਦਿੱਤੀ ਗਈ ਹੈ। ਇਸ ਤੋਂ ਇਲਾਵਾ ਈਟੀਟੀ ਦੀਆਂ ਅਸਾਮੀਆਂ 'ਤੇ ਈਟੀਟੀ ਉਮੀਦਵਾਰਾਂ ਦੀ ਭਰਤੀ ਦੀ ਮੰਗ ਅੱਜ ਕੈਬਨਿਟ ਨੇ ਮਨਜ਼ੂਰ ਕਰ ਲਈ ਹੈ। ਆਰਟ ਐਂਡ ਕਰਾਫ਼ਟ ਅਧਿਆਪਕਾਂ ਦੀ ਮੰਗ ਵੀ ਮੰਨ ਲਈ ਗਈ ਹੈ। ਬੇਰੁਜ਼ਗਾਰ ਅਧਿਆਪਕਾਂ ਵੱਲੋਂ ਰੋਜ਼ ਰੌਲਾ ਪਾਉਣਾ ਠੀਕ ਨਹੀਂ।

ਸਾਂਝਾ ਅਧਿਆਪਕ ਮੋਰਚਾ ਨੇ ਅਧਿਆਪਕਾਂ ਅਤੇ ਸਿੱਖਿਆ ਨਾਲ ਜੁੜੇ ਬੁਨਿਆਦੀ ਮਸਲਿਆਂ ਦਾ ਢੁੱਕਵਾਂ ਹੱਲ ਨਾ ਕਰਨ ਦੇ ਵਿਰੋਧ ਵਿੱਚ ਅੱਜ ਸਿੱਖਿਆ ਸਕੱਤਰ ਦੇ ਦਫ਼ਤਰ ਨੇੜੇ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਕੀਤਾ। ਪਹਿਲਾਂ ਸਵੇਰ ਤੋਂ ਸਕੂਲੀ ਅਧਿਆਪਕ ਪੁੱਡਾ ਗਰਾਊਂਡ ਵਿੱਚ ਵਿਰੋਧ ਪ੍ਰਦਰਸ਼ਨ ਕਰ ਰਹੇ ਸੀ ਪਰ ਬਾਅਦ ਦੁਪਹਿਰ ਉਨ੍ਹਾਂ ਨੇ ਸਿੱਖਿਆ ਸਕੱਤਰ ਦੇ ਦਫ਼ਤਰ ਦਾ ਘਿਰਾਓ ਕੀਤਾ ਅਤੇ ਫਿਰ ਸੜਕ 'ਤੇ ਰੋਸ ਮਾਰਦੇ ਹੋਏ ਫੇਜ਼-7 ਲਾਲ ਬੱਤੀ ਪੁਆਇੰਟ 'ਤੇ ਚੱਕਾ ਜਾਮ ਕਰਕੇ ਨਾਅਰੇਬਾਜ਼ੀ ਕੀਤੀ। ਇਹ ਸਿਲਸਿਲਾ ਸ਼ਾਮ ਤੱਕ ਜਾਰੀ ਰਿਹਾ। ਐੱਸਡੀਐੱਮ ਜਗਦੀਪ ਸਹਿਗਲ ਨੇ ਮੌਕੇ 'ਤੇ ਬੜੀ ਮੁਸ਼ਕਲ ਨਾਲ ਅਧਿਆਪਕਾਂ ਨੂੰ ਸ਼ਾਂਤ ਕੀਤਾ। ਅਧਿਕਾਰੀ ਨੇ 22 ਜੂਨ ਨੂੰ ਸਵੇਰੇ 11 ਵਜੇ ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ ਅਤੇ ਮੁੱਖ ਮੰਤਰੀ ਦੇ ਸਿਆਸੀ ਸਲਾਹਕਾਰ ਕੈਪਟਨ ਸੰਦੀਪ ਸੰਧੂ ਨਾਲ ਮੀਟਿੰਗ ਕਰਵਾਉਣ ਦਾ ਲਿਖਤੀ ਭਰੋਸਾ ਦੇਣ ਤੋਂ ਬਾਅਦ ਅਧਿਆਪਕਾਂ ਨੇ ਧਰਨਾ ਖ਼ਤਮ ਕਰਨ ਦਾ ਐਲਾਨ ਕੀਤਾ। ਇਸ ਤੋਂ ਪਹਿਲਾਂ ਅਧਿਆਪਕਾਂ ਨੇ ਸੋਸ਼ਲ ਮੀਡੀਆ ਤੋਂ ਬਾਅਦ ਪੰਜਾਬ ਸਰਕਾਰ ਨੂੰ 'ਹਕੀਕੀ ਡਿਸਲਾਈਕ' ਰੂਪੀ ਸ਼ੀਸ਼ਾ ਦਿਖਾਇਆ, ਜਿਸ ਰਾਹੀਂ ਬੇਰੁਜ਼ਗਾਰ ਅਧਿਆਪਕਾਂ ਵੱਲੋਂ ਰੁਜ਼ਗਾਰ ਪ੍ਰਾਪਤੀ ਅਤੇ ਵਾਲੰਟੀਅਰ/ਪ੍ਰੋਵਾਈਡਰ ਤੇ ਐੱਨਐੱਸਕਿਊਐੱਫ਼ ਅਧਿਆਪਕਾਂ ਵੱਲੋਂ ਨੌਕਰੀਆਂ ਪੱਕੀਆਂ ਕਰਵਾਉਣ ਲਈ ਕੀਤੇ ਜਾ ਰਹੇ ਤਿੱਖੇ ਸੰਘਰਸ਼ਾਂ ਨਾਲ ਇਕਜੁੱਟਤਾ ਜ਼ਾਹਿਰ ਕੀਤੀ ਗਈ। ਅਧਿਆਪਕ ਮਸਲੇ ਹੱਲ ਨਾ ਹੋਣ 'ਤੇ 4 ਜੁਲਾਈ ਨੂੰ ਕੈਬਨਿਟ ਮੰਤਰੀਆਂ ਦੇ ਘਰਾਂ ਅੱਗੇ ਰੋਸ ਧਰਨੇ ਦੇਣ ਅਤੇ ਪਹਿਲੀ ਅਗਸਤ ਨੂੰ ਸੰਗਰੂਰ ਵਿੱਚ ਧਰਨਾ ਦੇਣ ਦਾ ਐਲਾਨ ਕੀਤਾ ਗਿਆ। ਇਸ ਮੌਕੇ ਵਿਕਰਮਦੇਵ ਸਿੰਘ, ਸੁਖਵਿੰਦਰ ਸਿੰਘ ਚਾਹਲ ਤੇ ਬਲਕਾਰ ਸਿੰਘ ਵਲਟੋਹਾ ਨੇ ਮੰਗਾਂ ਦੁਹਰਾਈਆਂ।



# ਗਦਰੀ ਬਾਬਿਆਂ ਦੀ 105ਵੀਂ ਬਰਸੀ ਮੌਕੇ ਸ਼ਰਧਾਂਜਲੀਆਂ ਭੇਟ

**ਅਜੀਤਵਾਲ।** ਗਦਰੀ ਬਾਬਿਆਂ ਦੇ ਨਾਮ ਨਾਲ ਪ੍ਰਸਿੱਧ ਪਿੰਡ ਢੁੱਡੀਕੇ ਦੇ ਸ਼ਹੀਦ ਗਦਰੀ ਬਾਬਾ ਈਸ਼ਰ ਸਿੰਘ ਤੇ ਸ਼ਹੀਦ ਗ਼ਦਰੀ ਬਾਬਾ ਰੂੜ ਸਿੰਘ ਦੀ 105ਵੀਂ ਬਰਸੀ ਮੌਕੇ 'ਦੇਸ਼ ਭਗਤ ਗਦਰੀ ਬਾਬੇ ਯਾਦਗਾਰ' ਵਿੱਚ ਗਦਰੀ ਬਾਬੇ ਕਮੇਟੀ, ਗ੍ਰਾਮ ਪੰਚਾਇਤ, ਕਿਸਾਨ ਯੂਨੀਅਨ ਵੱਲੋਂ ਗਦਰੀ ਬਾਬਿਆਂ ਦੇ ਬੁੱਤਾਂ 'ਤੇ ਫੁੱਲ ਭੇਟ ਕਰਕੇ ਸ਼ਹੀਦਾਂ ਨੂੰ ਪ੍ਰਣਾਮ ਕੀਤਾ ਗਿਆ। ਇਸ ਮੌਕੇ ਦੇਸ਼ ਭਗਤ ਗਦਰੀ ਬਾਬੇ ਯਾਦਗਾਰ ਕਮੇਟੀ ਦੇ ਪ੍ਰਧਾਨ ਮਾਸਟਰ ਗੁਰਚਰਨ ਸਿੰਘ ਨੇ ਕਿਹਾ ਕਿ ਗਦਰੀ ਬਾਬਿਆਂ ਦੀ ਬਹੁਤ ਵੱਡੀ ਕੁਰਬਾਨੀ ਹੈ, ਉਨ੍ਹਾਂ ਅਮਰੀਕਾ ਤੇ ਕੈਨੇਡਾ ਵਰਗੇ ਦੇਸ਼ਾਂ ਤੋਂ ਭਾਰਤ ਵਾਪਸ ਆ ਕੇ ਕੁਰਬਾਨੀਆਂ ਦਿੱਤੀਆਂ, ਕਾਲੇ ਪਾਣੀ ਦੀਆਂ ਸਜ਼ਾਵਾਂ ਕੱਟੀਆਂ। ਸਰਕਾਰ ਨੇ ਉਨ੍ਹਾਂ ਦੇ ਘਰ ਅਤੇ ਜ਼ਮੀਨਾਂ ਕੁਰਕ ਕਰਵਾ ਦਿੱਤੀਆਂ। ਪਹਿਲੇ ਸਪਲੀਮੈਂਟਰੀ ਲਹੌਰ ਸਾਜ਼ਿਸ਼ ਕੇਸ ਵਿੱਚ ਕਪੂਰਥਲਾ ਅਸਲਾਖਾਨਾ ਲੁੱਟਣ, ਵੱਲਾ ਪੁਲ, ਦੁਰਾਹਾ ਪੁਲ ਤੇ ਗਾਰਦ ਤੋਂ ਅਸਲਾ ਲੁੱਟਣ ਤੇ ਹੋਰ ਕੇਸਾਂ ਵਿੱਚ 5 ਗਦਰੀ ਬਾਬਿਆਂ, ਜਿਨ੍ਹਾਂ ਵਿੱਚ ਗਦਰੀ ਸ਼ਹੀਦ ਬਾਬਾ ਈਸ਼ਰ ਸਿੰਘ ਢੁੱਡੀਕੇ, ਗਦਰੀ ਸ਼ਹੀਦ ਬਾਬਾ ਰੂੜ ਸਿੰਘ ਤਲਵੰਡੀ ਦੁਸਾਂਝ, ਜੋ ਢੁੱਡੀਕੇ ਰਹਿੰਦੇ ਸਨ, ਗਦਰੀ ਸ਼ਹੀਦ ਬਾਬਾ ਉੱਤਮ ਸਿੰਘ ਹਾਂਸ, ਬੀਰ ਸਿੰਘ ਬਾਹੋਵਾਲ, ਰੰਗਾਂ ਸਿੰਘ ਖੁਰਦਪੁਰ ਨੂੰ 18 ਜੂਨ 1916 ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਫਾਂਸੀ ਦੀ ਸਜ਼ਾ ਦਿੱਤੀ ਗਈ। ਇਸ ਮੌਕੇ ਸਰਪੰਚ ਜਸਵੀਰ ਸਿੰਘ ਢਿੱਲੋਂ, ਸਾਬਕਾ ਸਰਪੰਚ ਜਗਤਾਰ ਸਿੰਘ ਧਾਲੀਵਾਲ,ਸਾਬਕਾ ਸਰਪੰਚ ਜਸਦੀਪ ਸਿੰਘ ਗੈਰੀ, ਪੰਚ ਪਲਵਿੰਦਰ ਸਿੰਘ ਸੋਨੀ, ਪੰਚ ਗੁਰਦੇਵ ਸਿੰਘ ਮੀਤੋ, ਕਮੇਟੀ ਦੇ ਜਨਰਲ ਸਕੱਤਰ ਸਰਬਜੀਤ ਸਿੰਘ, ਮਾਸਟਰ ਗੋਪਾਲ ਸਿੰਘ, ਜੋਗਿੰਦਰ ਸਿੰਘ, ਮਾਸਟਰ ਜੈਕਬ, ਮਾਸਟਰ ਹਰੀ ਸਿੰਘ, ਤਰਸੇਮ ਸਿੰਘ ਬੂਟਾ ਤੇ ਚਮਕੌਰ ਸਿੰਘ ਫੌਜੀ ਹਾਜ਼ਰ ਸਨ।



# ਰਾਜਨਾਥ ਵੱਲੋਂ ਗੁਹਾਟੀ ਸਟੇਡੀਅਮ 'ਚ ਡੀਆਰਡੀਓ ਕੋਵਿਡ ਹਸਪਤਾਲ ਦਾ ਦੌਰਾ

**ਗੁਹਾਟੀ।** ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅੱਜ ਇਥੋਂ ਦੇ ਸਟੇਡੀਅਮ 'ਚ ਰੱਖਿਆ ਖੋਜ ਅਤੇ ਵਿਕਾਸ ਸੰਗਠਨ (ਡੀਆਰਡੀਓ) ਵੱਲੋਂ ਸਥਾਪਤ ਕੋਵਿਡ ਹਸਪਤਾਲ ਦਾ ਦੌਰਾ ਕੀਤਾ। ਇਸ ਹਸਪਤਾਲ 'ਚ 316 ਬੈੱਡ ਹਨ ਅਤੇ ਇਹ ਅਸਾਮ ਸਰਕਾਰ ਦੇ ਸਹਿਯੋਗ ਨਾਲ ਸਥਾਪਤ ਕੀਤਾ ਗਿਆ ਹੈ। ਕੇਂਦਰੀ ਮੰਤਰੀ ਨੇ ਕਿਹਾ ਕਿ ਇਹ ਹਸਪਤਾਲ ਅਸਾਮ ਨੂੰ ਕਰੋਨਾ ਖ਼ਿਲਾਫ਼ ਜੰਗ 'ਚ ਸਹਾਇਤਾ ਪ੍ਰਦਾਨ ਕਰੇਗਾ। ਹਸਪਤਾਲ ਦੇ ਦੌਰੇ ਮੌਕੇ ਉਨ੍ਹਾਂ ਨਾਲ ਮੁੱਖ ਮੰਤਰੀ ਹਿਮੰਤਾ ਬਿਸਵਾ ਸਰਮਾ ਅਤੇ ਸੂਬੇ ਦੇ ਸਿਹਤ ਮੰਤਰੀ ਕੇਸ਼ਵ ਮਹੰਤਾ ਵੀ ਹਾਜ਼ਰ ਸਨ। ਇਸ ਤੋਂ ਪਹਿਲਾਂ ਰਾਜਨਾਥ ਸਿੰਘ ਨੇ ਮਸ਼ਹੂਰ ਕਾਮਾਖਿਆ ਮੰਦਰ 'ਚ ਮੱਥਾ ਟੇਕਿਆ। ਕਰੋਨਾ ਪਾਬੰਦੀਆਂ ਕਾਰਨ ਮੰਦਰ ਭਾਵੇਂ ਬੰਦ ਹੈ ਪਰ ਰਾਜਨਾਥ ਸਿੰਘ ਨੇ ਮੁੱਖ ਦਰਵਾਜ਼ੇ ਦੇ ਬਾਹਰ ਹੀ ਪ੍ਰਾਰਥਨਾ ਕੀਤੀ। ਰੱਖਿਆ ਮੰਤਰੀ ਅਰੁਣਾਚਲ ਪ੍ਰਦੇਸ਼ 'ਚ 12 ਰਣਨੀਤਕ ਤੌਰ 'ਤੇ ਅਹਿਮ ਸੜਕਾਂ ਨੂੰ ਸਮਰਪਿਤ ਕਰਨ ਮਗਰੋਂ ਵੀਰਵਾਰ ਸ਼ਾਮ ਨੂੰ ਇਥੇ ਪੁੱਜੇ ਸਨ।



# ਦੇਸ਼ 'ਚ ਤੇਲ ਕੀਮਤਾਂ 100 ਰੁਪਏ ਤੋਂ ਪਾਰ

**ਨਵੀਂ ਦਿੱਲੀ।** ਮੁੰਬਈ ਅਤੇ ਹੈਦਰਾਬਾਦ ਤੋਂ ਬਾਅਦ ਬੰਗਲੌਰ ਤੀਜਾ ਮਹਾਨਗਰ ਬਣ ਗਿਆ ਹੈ ਜਿੱਥੇ ਪੈਟਰੋਲ ਦੀਆਂ ਕੀਮਤਾਂ 100 ਰੁਪਏ ਪ੍ਰਤੀ ਲਿਟਰ ਤੋਂ ਪਾਰ ਪਹੁੰਚ ਗਈਆਂ ਹਨ। ਵਾਹਨਾਂ ਦੇ ਈਂਧਣ ਦੀਆਂ ਕੀਮਤਾਂ ਵਿਚ ਅੱਜ ਮੁੜ ਵਾਧਾ ਹੋਇਆ। ਜਨਤਕ ਖੇਤਰ ਦੀਆਂ ਪੈਟਰੋਲੀਅਮ ਕੰਪਨੀਆਂ ਦੀ ਨੋਟੀਫਿਕੇਸ਼ਨ ਮੁਤਾਬਕ ਪੈਟਰੋਲ ਦੀਆਂ ਕੀਮਤਾਂ 27 ਪੈਸੇ ਪ੍ਰਤੀ ਲਿਟਰ ਅਤੇ ਡੀਜ਼ਲ ਦੀਆਂ ਕੀਮਤਾਂ 28 ਪੈਸੇ ਪ੍ਰਤੀ ਲਿਟਰ ਵਧਾਈਆਂ ਗਈਆਂ ਹਨ।ਪਿਛਲੇ ਕਰੀਬ ਸੱਤ ਹਫ਼ਤਿਆਂ ਵਿਚ ਵਾਹਨਾਂ ਦੇ ਈਂਧਣ ਦੀਆਂ ਕੀਮਤਾਂ ਵਿਚ ਇਹ 26ਵੀਂ ਵਾਰ ਵਾਧਾ ਹੋਇਆ ਹੈ। ਇਸ ਵਾਧੇ ਨਾਲ ਦੇਸ਼ ਵਿਚ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਇਤਿਹਾਸਕ ਉਚਾਈ 'ਤੇ ਪਹੁੰਚ ਗਈਆਂ ਹਨ। ਇਸੇ ਦੌਰਾਨ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਕੋਈ ਵੀ ਦਿਨ ਅਜਿਹਾ ਨਹੀਂ ਹੈ ਜਦੋਂ ਕੀਮਤਾਂ ਨਾ ਵਧੀਆਂ ਹੋਣ। ਪ੍ਰਿਯੰਕਾ ਗਾਂਧੀ ਨੇ ਕਿਹਾ ਕਿ ਮਹਾਮਾਰੀ ਕਾਰਨ ਲੋਕ ਪਹਿਲਾਂ ਹੀ ਮੁਸ਼ਕਲ ਨਾਲ ਢਿੱਡ ਭਰ ਰਹੇ ਹਨ ਤੇ ਨਰਿੰਦਰ ਮੋਦੀ ਸਰਕਾਰ ਉਨ੍ਹਾਂ ਦੀਆਂ ਜੇਬਾਂ ਕੱਟਣ ਵਿਚ ਰੁੱਝੀ ਹੋਈ ਹੈ।




# ਮਮਤਾ ਵੱਲੋਂ ਸ਼ੁਵੇਂਦੂ ਦੀ ਚੋਣ ਖ਼ਿਲਾਫ਼ ਪਟੀਸ਼ਨ 'ਤੇ ਸੁਣਵਾਈ 24 ਨੂੰ

**ਕੋਲਕਾਤਾ।** ਭਾਜਪਾ ਵਿਧਾਇਕ ਸ਼ੁਵੇਂਦੂ ਅਧਿਕਾਰੀ ਦੀ ਨੰਦੀਗ੍ਰਾਮ ਤੋਂ ਚੋਣ ਨੂੰ ਚੁਣੌਤੀ ਦੇਣ ਵਾਲੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਚੋਣ ਪਟੀਸ਼ਨ 'ਤੇ ਕਲਕੱਤਾ ਹਾਈ ਕੋਰਟ ਵੱਲੋਂ 24 ਜੂਨ ਨੂੰ ਸੁਣਵਾਈ ਕੀਤੀ ਜਾਵੇਗੀ। ਜਸਟਿਸ ਕੌਸ਼ਿਕ ਚੰਦਾ ਨੇ ਕੇਸ ਦੀ ਸੁਣਵਾਈ ਕਰਦਿਆਂ ਕਿਹਾ ਕਿ ਪਹਿਲੇ ਦਿਨ ਮਮਤਾ ਬੈਨਰਜੀ ਦੇ ਅਦਾਲਤ 'ਚ ਹਾਜ਼ਰ ਰਹਿਣ ਦੀ ਲੋੜ ਹੈ ਕਿਉਂਕਿ ਇਹ ਚੋਣ ਪਟੀਸ਼ਨ ਹੈ। ਮਮਤਾ ਬੈਨਰਜੀ ਦੇ ਵਕੀਲ ਨੇ ਕਿਹਾ ਕਿ ਉਨ੍ਹਾਂ ਦੀ ਮੁਵੱਕਿਲ ਕਾਨੂੰਨ ਮੁਤਾਬਕ ਚੱਲੇਗੀ। ਜਸਟਿਸ ਚੰਦਾ ਨੇ ਕੇਸ ਦੀ ਸੁਣਵਾਈ 24 ਜੂਨ ਲਈ ਮੁਲਤਵੀ ਕਰਦਿਆਂ ਹਾਈ ਕੋਰਟ ਦੇ ਰਜਿਸਟਰਾਰ ਨੂੰ ਨਿਰਦੇਸ਼ ਦਿੱਤੇ ਕਿ ਉਹ ਇਹ ਰਿਪੋਰਟ ਦਾਖ਼ਲ ਕਰੇ ਕਿ ਕੀ ਪਟੀਸ਼ਨ ਜਨ ਪ੍ਰਤੀਨਿਧ ਐਕਟ, 1951 ਦੇ ਅਨੁਰੂਪ ਹੀ ਦਾਖ਼ਲ ਕੀਤੀ ਗਈ ਹੈ ਜਾਂ ਨਹੀਂ। ਇਸ ਦੌਰਾਨ ਮਮਤਾ ਬੈਨਰਜੀ ਦੇ ਵਕੀਲ ਨੇ ਕਲਕੱਤਾ ਹਾਈ ਕੋਰਟ ਦੇ ਕਾਰਜਕਾਰੀ ਚੀਫ਼ ਜਸਟਿਸ ਦੇ ਸਕੱਤਰ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਅਰਜ਼ੀ ਕਿਸੇ ਹੋਰ ਬੈਂਚ ਹਵਾਲੇ ਕੀਤੀ ਜਾਵੇ। ਉਨ੍ਹਾਂ ਦਾਅਵਾ ਕੀਤਾ ਕਿ ਮਮਤਾ ਬੈਨਰਜੀ ਨੂੰ ਦੱਸਿਆ ਗਿਆ ਹੈ ਕਿ ਜਸਟਿਸ ਕੌਸ਼ਿਕ ਚੰਦਾ, ਜੋ ਅਰਜ਼ੀ 'ਤੇ ਸੁਣਵਾਈ ਕਰ ਰਹੇ ਹਨ, ਭਾਜਪਾ ਦੇ ਸਰਗਰਮ ਮੈਂਬਰ ਹਨ ਜਿਸ ਕਾਰਨ ਚੋਣ ਪਟੀਸ਼ਨ ਦੇ ਫ਼ੈਸਲੇ ਦੇ ਸਿਆਸੀ ਪ੍ਰਭਾਵ ਪੈ ਸਕਦੇ ਹਨ।



# ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਵੱਲੋਂ ਸੰਗੀਤ ਵਿਭਾਗ ਵੱਲੋਂ ਇਕ ਰੋਜ਼ਾ ਵੈਬੀਨਾਰ ਦਾ ਆਯੋਜਨ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ )** ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਪ੍ਰਿੰਸੀਪਲ ਡਾ. ਰਮਨੀਤਾ ਸ਼ਾਰਦਾ ਦੀ ਕੁਸ਼ਲ ਅਗਵਾਈ ਵਿਚ ਵਿਭਿੰਨ ਅਕਾਦਮਿਕ ਗਤੀਵਿਧੀਆਂ ਵਿਚ ਨਿਰੰਤਰ ਅਗਰਸਰ ਹੈ। ਇਸੇ ਕੜੀ ਤਹਿਤ ਪਿਛਲੇ ਦਿਨੀਂ ਕਾਲਜ ਦੇ ਸੰਗੀਤ ਵਿਭਾਗ ਦੁਆਰਾ ਇਕ ਰੋਜ਼ਾ ਵੈਬੀਨਾਰ ਦਾ ਆਯੋਜਨ ਕੀਤਾ ਗਿਆ। ਜਿਸ ਦਾ ਵਿਸ਼ਾ "ਹਿੰਦੀ ਫਿਲਮ ਸੰਗੀਤ ਵਿਚ ਸ਼ਾਸਤਰੀ ਸੰਗੀਤ ਦੀ ਭੂਮਿਕਾ" ਰਿਹਾ। ਇਸ ਵੈਬੀਨਾਰ ਵਿਚ ਮੁੱਖ ਵਕਤਾਂ ਦੇ ਰੂਪ ਵਿਚ ਸ੍ਰੀਮਤੀ ਵਨੀਤਾ ਸਹਾਇਕ ਪ੍ਰੋਫੈਸਰ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਸ਼ਾਮਲ ਹੋਏ। ਸ੍ਰੀਮਤੀ ਵਨੀਤਾ ਨੇ ਹਿੰਦੀ ਫ਼ਿਲਮ ਸੰਗੀਤ ਅਤੇ ਸ਼ਾਸਤਰੀ ਸੰਗੀਤ ਦੀ ਮਹੱਤਵਪੂਰਨ ਭੂਮਿਕਾ ਮਿਸ਼ਰ ਤੇ ਪ੍ਰਕਾਸ਼ ਪਾਇਆ ਅਤੇ ਬੜੀ ਹੀ ਖੂਬਸੂਰਤੀ ਨਾਲ ਸ਼ਾਸਤਰੀ ਸੰਗੀਤ ਉੱਤੇ ਆਧਾਰਿਤ ਗੀਤ ਸਿਤਾਰ ਤੇ ਵਜਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ। ਉਨ੍ਹਾਂ ਨੇ ਸਿਤਾਰ ਤੇ ਰਾਗ ਯਮਨ, ਸ਼ਿਵਰੰਜਨੀ, ਭੀਮ ਪਲਾਸੀ, ਅਹੀਰਵੈਰਭ ਆਦਿ ਤੇ ਆਧਾਰਿਤ ਸ਼ਾਸਤਰੀ ਸੰਗੀਤ ਦੀ ਮਨਮੋਹਕ ਭੂਮਿਕਾ ਦਾ ਵਖਿਆਨ ਕੀਤਾ। ਇਸ ਮੌਕੇ ਤੇ ਪ੍ਰਸਿੱਧ ਤਬਲਾ ਵਾਦਕ ਜੈਦੇਵ ਨੇ ਉਨ੍ਹਾਂ ਦਾ ਸਾਥ ਦਿੱਤਾ। ਜੈਦੇਵ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਤਬਲਾਵਾਦਕ ਦੇ ਤੌਰ ਤੇ ਕਾਰਜ ਪੱਥ ਹਨ। ਜ਼ਿਕਰਯੋਗ ਹੈ ਕਿ ਇਸ ਵੈਬੀਨਾਰ ਵਿਚ 150 ਦੇ ਲਗਭਗ ਪ੍ਰਤੀਭਾਗੀਆਂ ਨੇ ਹਿੱਸਾ ਲਿਆ। ਇਸ ਵੈਬੀਨਾਰ ਵਿਚ ਪ੍ਰਬੰਧਕ ਦੀ ਭੂਮਿਕਾ ਡਾ. ਸੰਗੀਤਾ ਅਤੇ ਸੰਚਾਲਕ ਦੀ ਭੂਮਿਕਾ ਪ੍ਰੋ. ਸੰਦੀਪ ਸਿੰਘ ਨੇ ਨਿਭਾਈ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਰਮਨੀਤਾ ਸ਼ਾਰਦਾ ਨੇ ਡਾ. ਸੰਗੀਤਾ ਮੁਖੀ ਸੰਗੀਤ ਵਿਭਾਗ ਇੰਸਟਰੂਮੈਂਟਲ ਅਤੇ ਪ੍ਰੋ. ਸੰਦੀਪ ਕੁਮਾਰ ਮੁਖੀ ਸੰਗੀਤ ਵਿਭਾਗ ਵੋਕਲ ਨੂੰ ਵੈਬੀਨਾਰ ਦੇ ਸਫਲ ਆਯੋਜਨ ਤੇ ਮੁਬਾਰਕਬਾਦ ਦਿੱਤੀ। ਨਿਰਮਲ ਸਿੰਘ ਢਿੱਲੋਂ, ਚੇਅਰਮੈਨ ਦੇਵ ਸਮਾਜ ਕਾਲਜ ਫਾਰ ਵੂਮੈਨ ਨੇ ਇਸ ਮੌਕੇ ਵਿਭਾਗ ਨੂੰ ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ।



# ਮੁਖ ਮੰਤਰੀ ਦੇ ਦੌਰੇ ਤੋਂ ਪਹਿਲਾਂ ਮੋਰਨੀ ਵਿਚ ਡੀ.ਸੀ ਨੇ ਦੌਰਾ ਕਰ ਕੀਤੀ ਜਾਂਚ

**ਪੰਚਕਲਾ (ਦੀਪਕ ਸਰਮਾ)** ਮੁੱਖ ਮੰਤਰੀ ਦੇ ਮੋਰਨੀ ਦੌਰੇ ਤੋਂ ਪਹਿਲਾਂ ਅਧਿਕਾਰੀਆਂ ਦੀ ਦੌੜ-ਭੱਜ ਸੁਰੂ ਹੋ ਗਈ ਹੈ । 20 ਜੂਨ ਤੋਂ ਸੁਰੂ ਹੋਣ ਵਾਲੀ ਪੈਰਾਗਲਾਈਡਿੰਗ ਅਤੇ ਪੈਰਾਸੈਲਿੰਗ ਗਤੀਵਿਧੀ ਨੂੰ ਸੁਰੂ ਕਰਨ ਲਈ ਮੁਖ ਮੰਤਰੀ ਦੀ ਮੋਰਨੀ ਪਹੁੰਚਣ ਦੀ ਉਮੀਦ ਹੈ । ਇਸ ਸਬੰਧ ਵਿਚ ਵੀਰਵਾਰ ਨੂੰ ਪੰਚਕੂਲਾ ਦੇ ਡਿਪਟੀ ਕਮਿਸਨਰ ਟਿੱਕਰ ਤਾਲ ਪਹੁੰਚੇ ਅਤੇ ਯੋਜਨਾਵਾਂ ਦਾ ਜਾਇਜਾ ਲੀਤਾ । ਪੈਰਾਗਲਾਈਡਿੰਗ ਲਈ ਚੁਣੀ ਗਈਆਂ ਸਾਈਟਾਂ ਦਾ ਨਿਰੀਖਣ ਕੀਤਾ ਗਿਆ । ਪੈਰਾਗਲਾਈਡਿੰਗ ਲਈ ਚਾਰ ਬਹੁੜਿ, ਥਾਲਾਪੁਰ, ਗਜਾਨ ਅਤੇ ਉਡੀਓ ਨੂੰ ਚੁਣਿਆ ਗਿਆ ਹੈ। ਇਸ ਦੌਰਾਨ ਪੈਰਾਗਲਾਈਡਿੰਗ ਅਤੇ ਪੈਰਾਸੇਲਿੰਗ ਦੇ ਟਰਾਇਲ ਵੀ ਕਰਵਾਏ ਗਏ । ਇਸ ਮੌਕੇ ਨਾਇਬ ਤਹਿਸੀਲਦਾਰ ਮਹੇਸ ਕੁਮਾਰ ਅਤੇ ਪੁਲਿਸ ਵਿਭਾਗ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ । ਮੋਰਨੀ ਵਿੱਚ ਦੋਵੇਂ ਖੇਡਾਂ ਦੀ ਸੁਰੂਆਤ ਕਰਨ ਲਈ ਸਿਖਲਾਈ ਪ੍ਰਾਪਤ ਲੋਕਾਂ ਦੀ ਨਿਗਰਾਨੀ ਹੇਠ ਕਈ ਵਾਰ ਟਰਾਇਲ ਕੀਤੇ ਜਾ ਚੁੱਕੇ ਹਨ । ਖੇਤਰ ਵਿਚ ਸੈਰ-ਸਪਾਟੇ ਨੂੰ ਵਧਾਵਾ ਦੇਣ ਲਈ ਦੋਵਾਂ ਖੇਡ ਗਤੀਵਿਧੀਆਂ ਦੀ ਸੁਰੂਆਤ ਕੀਤੀ ਜਾ ਰਹੀ ਹੈ । ਲੋਕ ਇਸ ਨੂੰ ਲੈ ਕੇ ਉਤਸਾਹਿਤ ਵੀ ਹਨ । 20 ਜੂਨ ਤੱਕ, ਟ੍ਰੇਨਰਾਂ ਨੂੰ ਡਿਪਟੀ ਕਮਿਸਨਰ ਦੀ ਤਰਫੋਂ ਦਿਨ ਵਿਚ ਚਾਰ ਵਾਰ ਅਭਿਆਸ ਕਰਨ ਦੇ ਆਦੇਸ ਜਾਰੀ ਕੀਤੇ ਗਏ ਹਨ । ਡੀ.ਸੀ ਨੇ ਕਿਹਾ ਕਿ ਖੇਤਰ ਲਈ ਸਭ ਕੁਝ ਨਵਾਂ ਹੈ । ਟਰੇਲ ਜਆਿਦਾ ਤੋਂ ਜਆਿਦਾ ਵਾਰ ਕਰਨਾ ਪਏਗਾ ।



ਪੈਰਾਗਲਾਈਡਿੰਗ ਅਤੇ ਪੈਰਾਸੇਲਿੰਗ ਨਾਲ ਸਬੰਧਤ ਚੈਂਪੀਅਨ ਮੋਰਨੀ ਪਹੁੰਚ ਗਏ ਹਨ । ਉਹਨਾਂ ਦੀ ਨਿਗਰਾਨੀ ਹੇਠ ਟਰੇਲ ਕੀਤੇ ਜਾ ਰਹੇ ਹਨ । ਬੁੱਧੀ ਰਾਜਾ ਠਾਕੁਰ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਮਨਾਲੀ ਦੇ ਸਲਾਮ ਝਰਨੇ ਤੋਂ ਪੈਰਾਗਲਾਈਡਿੰਗ ਕਰਵਾਈ ਸੀ ਉਹ ਵੀ ਐਥੇ ਪਹੁੰਚੇ ਹਨ ਉਹਨਾਂ ਦੇ ਨਾਲ ਅਜੇ ਕੁਮਾਰ, ਭੋਲਾ ਠਾਕੁਰ, ਮੋਹਨ ਠਾਕੁਰ ਅਤੇ ਯੁਵਾ ਦੁਸਯੰਤ ਚੰਦ ਪਾਇਲਟ ਆਦਿ ਦੀ ਨਿਗਰਾਨੀ ਵਿਚ ਯੋਜਨਾ ਸੁਰੂ ਕੀਤੀ ਜਾਵੇਗੀ ।

# ਚੰਡੀਗੜ ਪੁਲਿਸ ਦੇ 3 ਥਾਣਾ ਪ੍ਰਭਾਰੀ, 4 ਚੌਂਕੀ ਇੰਚਾਰਜ, 7 ਇੰਸਪੈਕਟਰ ਅਤੇ 15 ਪੁਲਿਸ ਕਰਮੀ ਨੂੰ ਬਦਲਣ ਦੇ ਡੀ.ਆਈ.ਜੀ ਨੇ ਦਿਤੇ ਆਦੇਸ਼

**ਚੰਡੀਗੜ (ਦੀਪਕ ਸਰਮਾ)** ਸਹਿਰ ਵਿੱਚ ਕਈ ਪੁਲਿਸ ਅਧਿਕਾਰੀਆਂ ਦੇ ਤਬਾਦਲੇ ਕੀਤੇ ਜਾਣ ਦੇ ਆਦੇਸ਼ ਦਿਤੇ ਗਏ ਹਨ । ਕੀਤੇ ਗਏ ਤਾਬਦਲੀਆਂ ਵਿਚ ਥਾਣਾ ਪ੍ਰਭਾਰੀ, ਚੌਂਕੀ ਇੰਚਾਰਜ ਅਤੇ ਇੰਸਪੈਕਟਰ ਸਾਮਲ ਹਨ । ਇਕ ਪੁਲਿਸ ਅਧਿਕਾਰੀ ਨੂੰ ਪਹਿਲੀ ਬਾਰ ਕਿਸੀ ਥਾਣੇ ਦਾ ਪ੍ਰਭਾਰੀ ਬਣਾਇਆ ਗਿਆ ਹੈ । ਸਹਿਰ ਦੇ ਪੁਲਿਸ ਵਿਭਾਗ ਵਲੋਂ ਇੰਨੇ ਸਾਰੇ ਪੁਲਿਸ ਕਰਮਚਾਰੀਆਂ ਨੂੰ ਬਦਲਣ ਦੇ ਪੀਛੇ ਸੁਰੱਖਿਆ ਨੂੰ ਪੁਖਤਾ ਕਰਨਾ ਹੋ ਸਕਦਾ ਹੈ । ਡੀ.ਆਈ.ਜੀ ਓਮਵੀਰ ਸਿੰਘ ਬਿਸਨੋਈ ਵਲੋਂ ਇਹਨਾਂ ਪੁਲਿਸ ਮੁਲਾਜਮਾਂ ਨੂੰ ਬਦਲਣ ਦਾ ਆਦੇਸ ਦਿੱਤਾ ਗਿਆ ਹੈ । ਸਹਿਰ ਦੇ ਮਲੋਇਆ, ਮੌਲੀਜਾਗਰਾਂ ਅਤੇ ਸੈਕਟਰ -39 ਦੇ ਥਾਣਾ ਪ੍ਰਭਰੀਆਂ ਨੂੰ ਬਦਲ ਕੇ ਵੱਖ-ਵੱਖ ਥਾਵਾਂ 'ਤੇ ਲੈ ਦਿਤਾ ਗਿਆ ਹੈ ।

ਸਹਿਰ ਦੇ ਮਲੋਇਆ ਥਾਣੇ ਦੇ ਪ੍ਰਭਾਰੀ ਚਿਰੰਜੀ ਲਾਲ ਨੂੰ ਹਟਾ ਕੇ ਟ੍ਰੈਫਿਕ ਵਿਚ ਸਾਮਲ ਕੀਤਾ ਗਿਆ ਹੈ, ਉਹਨਾਂ ਦੀ ਜਗਾ 'ਤੇ ਓਮ ਪ੍ਰਕਾਸ ਨੂੰ ਮਲੋਇਆ ਦਾ ਨਵਾਂ ਪ੍ਰਭਾਰੀ ਨਿਯੁਕਤ ਕੀਤਾ ਗਿਆ ਹੈ । ਮੌਲੀਜਾਗਰਾਂ ਥਾਣੇ ਦੇ ਪ੍ਰਭਾਰੀ ਜੁਲਦਾਨ ਸਿੰਘ ਨੂੰ ਹਟਾ ਕੇ ਸਕਿਉਰਿਟੀ ਵਿੰਗ ਵਿਚ ਭੇਜ ਦਿਤਾ ਗਿਆ ਹੈ ਅਤੇ ਉਨਾਂ ਦੀ ਜਗਾ 'ਤੇ ਇੰਸਪੈਕਟਰ ਰੋਹਿਤ ਕੁਮਾਰ ਨੂੰ ਥਾਣਾ ਪ੍ਰਭਾਰੀ ਬਣਾਇਆ ਗਿਆ ਹੈ । ਸੈਕਟਰ -39 ਥਾਣੇ ਦੇ ਇੰਚਾਰਜ ਅਮਨਜੋਤ ਸਿੰਘ ਨੂੰ ਹਟਾ ਕੇ ਆਪ੍ਰੇਸਨ ਸੈਲ ਵਿਚ ਭੇਜ ਦਿਤਾ ਹੈ ਅਤੇ ਉਹਨਾਂ ਦੀ ਜਗਾ 'ਤੇ ਕਰਮਚੰਦ ਨੂੰ ਨਵਾਂ ਪ੍ਰਭਾਰੀ ਬਣਾ ਦਿਤਾ ਗਿਆ ਹੈ ।

ਕੀਤੇ ਗਏ ਤਬਾਦਲਿਆਂ ਵਿਚ ਪੀ.ਜੀ.ਆਈ ਪੁਲਿਸ ਚੌਂਕੀ ਦੇ ਇੰਚਾਰਜ ਚੰਦਰਮੁਖੀ, ਨੀਲਮ ਚੌਂਕੀ ਦੇ ਇੰਚਾਰਜ ਜੈਵੀਰ ਸਿੰਘ ਰਾਣਾ ਨੂੰ ਬਦਲ ਕੇ ਈ.ਓ.ਡਬਲਯੂ ਵਿਚ ਲਾ ਦਿਤਾ ਗਿਆ ਹੈ, ਉਹਨਾਂ ਦੀ ਜਗਾ 'ਤੇ ਵਿਵੇਕ ਕੁਮਾਰ ਸੰਗ੍ਰਹਿ ਹੈ. ਬੁਰਦਿਆਲ ਚੌਂਕੀ ਕਾ ਇੰਚਾਰਜ ਸੁਦੇਸ ਕੁਮਾਰ ਅਤੇ ਦੜਵਾ ਚੌਂਕੀ ਦਾ ਇੰਚਾਰਜ ਪ੍ਰਮੋਦ ਕੁਮਾਰ ਨੂੰ ਲਾਇਆ ਗਿਆ ਹੈ । ਬੁੜੈਲ ਚੌਂਕੀ ਦਾ ਇੰਚਾਰਜ ਸੁਦੇਸ਼ ਕੁਮਾਰ ਅਤੇ ਦੜਵਾ ਚੌਂਕੀ ਦਾ ਇੰਚਾਰਜ ਪ੍ਰਮੋਦ ਕੁਮਾਰ ਨੂੰ ਬਣਾਇਆ ਗਿਆ ਹੈ । ਇੰਸਪੇਕਟਰ ਹਰਿਓਮ ਸਰਮਾ ਨੂੰ ਸਾਈਬਰ ਸੈੱਲ, ਇੰਸਪੇਕਟਰ ਮਿਨੀ ਭਾਰਦਵਾਜ ਨੂੰ ਆਰ.ਟੀ.ਸੀ ਅਤੇ ਇੰਸਪੈਕਟਰ ਸੁਖਦਵੀਪ ਸਿੰਘ ਦਾ ਟਰੈਫਿਕ ਤੋਂ ਹਟਾ ਕੇ ਸਿਕਯੋਰਿਟੀ ਵਿੰਗ ਵਿੱਚ ਤੈਨਾਤ ਕੀਤਾ ਗਿਆ ਹੈ । ਸਬ-ਇੰਸਪੇਕਟਰ ਗੁਰਦਰਸਨ ਸਿੰਘ ਨੂੰ ਪੀ.ਸੀ.ਆਰ ਤੋਂ ਆਰ.ਟੀ.ਸੀ ਵਿਚ ਤਬਦੀਲ ਕੀਤਾ ਗਿਆ ਹੈ ।

# ਸੋਨੀਆ ਸ਼ੂਰਮਾ (ਰਿਆ) ਸ਼ਿਵ ਸੈਨਾ ਹਿੰਦੁਸਤਾਨ ਛੱਡ ਕੇ ਸ਼ਿਵ ਸੈਨਾ ਬਾਲਾ ਸਾਹਿਬ ਠਾਕਰੇ ਵਿਚ ਹੋਏ ਸ਼ਾਮਿਲ

**ਮੋਗਾ (ਰਵਿੰਦਰ ਬੁੱਟਰ/ਸਿਮਰਨਜੀਤ ਕੌਰ)** ਮੋਗਾ ਜ਼ਲ੍ਹਿੇ ਵਿੱਚ ਅੱਜ ਸ਼ਵਿ ਸੈਨਾ ਬਾਲਾ ਸਾਹਿਬ ਠਾਕਰੇ ਦੇ ਪ੍ਰਦੇਸ਼ ਸਚਿਵ ਯੁਵਾ ਸੈਨਾ ਸ੍ਰੀ ਅਮਰ ਕੁਮਾਰ ਸੋਨੂੰ, ਜ਼ਲ੍ਹਿਾ ਪ੍ਰਧਾਨ ਮੰਗਤ ਰਾਮ ਮੰਗਾ ਦੀ ਅਗਵਾਈ ਵਿੱਚ ਮੀਟਿੰਗ ਰੱਖੀ ਗਈ ਜਿਸ ਵਿਚ ਮੋਗਾ ਜ਼ਲ੍ਹਿੇ ਦੇ ਸ੍ਰੀਮਤੀ ਸੋਨੀਆ ਸ਼ਰਮਾ (ਰਿਆ) ਸ਼ਵਿ ਸੈਨਾ ਹਿੰ-ਦੁਸਤਾਨ ਪਾਰਟੀ ਨੂੰ ਅਲਵਿਦਾ ਕਹਿ ਕੇ ਸ਼ਵਿ ਸੈਨਾ ਬਾਲਾ ਸਾਹਿਬ ਠਾਕਰੇ ਪਾਰਟੀ ਵਿਚ ਸ਼ਾਮਿਲ ਹੋਏ। ਇਸ ਤੇ ਮੌਕੇ ਪ੍ਰਦੇਸ਼ ਸਚਿਵ ਯੁਵਾ ਸੈਨਾ ਅਮਰ ਕੁਮਾਰ ਸੋਨੂੰ ਤੇ ਜ਼ਲ੍ਹਿਾ ਪ੍ਰਧਾਨ ਮੰਗਤ ਰਾਮ ਮੰਗਾ ਨੇ ਕਿਹਾ ਕਿ ਸ਼ਵਿ ਸੈਨਾ ਬਾਲਾ ਸਾਹਿਬ ਠਾਕਰੇ ਪਾਰਟੀ ਵਿਚ ਆਉਣ ਵਾਲੇ ਸਾਰੇ ਮੈਂਬਰਾਂ ਦਾ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ ਤੇ ਉਨ੍ਹਾਂ ਨੇ ਇਹ ਵੀ ਕਿਹਾ ਕਿ ਪਾਰਟੀ ਦੇ ਸਾਰੇ ਮੈਂਬਰ ਇਕ ਪਰਿਵਾਰ ਦੀ ਤਰ੍ਹਾਂ ਇਕ ਦੂਜੇ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਾਂਗੇ। ਸ਼ਵਿ ਸੈਨਾ ਬਾਲਾ ਸਾਹਿਬ ਠਾਕਰੇ ਪਾਰਟੀ ਆਪਣੇ ਪਰਿਵਾਰ ਨੂੰ ਹੋਰ ਮਜਬੂਤ ਤੇ ਕਾਮਯਾਬ ਕਰਾਂਗੇ। ਇਸ ਮੌਕੇ ਪਾਰਟੀ ਵਿਚ ਸ਼ਾਮਿਲ ਹੋ ਕੇ ਸੋਨੀਆ ਸ਼ਰਮਾ ਨੇ ਪੰਜਾਬ ਪ੍ਰਧਾਨ ਯੋਗਰਾਜ ਸ਼ਰਮਾ ਜੀ ਦਾ ਤੇ ਸਮੁੱਚੀ ਲੀਡਰਸ਼ਪਿ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਪਾਰਟੀ ਵਲੋਂ ਦਿੱਤੀ ਗਈ ਜ਼ਮਿੇਵਾਰੀ ਪੂਰੀ ਇਮਾਨਦਾਰੀ ਨਾਲ ਨਿਭਾਉਣ ਦਾ ਵਚਨ ਦਿੱਤਾ।

ਸੋਨੀਆ ਸ਼ਰਮਾ ਰਿਆ ਨੂੰ ਭਵਾਨੀ ਸੈਨਾ ਦੀ ਜ਼ਲ੍ਹਿਾ ਪ੍ਰਧਾਨ ਪਰਮਜੀਤ ਕੌਰ, ਭਵਾਨੀ ਸੈਨਾ ਦੀ ਸੀਨਿਅਰ ਵਾਈਸ ਜ਼ਲ੍ਹਿਾ ਪ੍ਰਧਾਨ ਚਰਨਜੀਤ ਕੌਰ ਗਿੱਲ ਅਤੇ ਸਿਮਰਜੀਤ ਕੌਰ ਨੇ ਪਾਰਟੀ ਦੇ ਨਾਮ ਵਾਲਾ ਭਗਵਾਂ ਸਿਰੋਪਾ ਪਾ ਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਪ੍ਰਦੇਸ਼ ਸਚਿਵ ਯੁਵਾ ਸੈਨਾ ਅਮਰ ਕੁਮਾਰ ਸੋਨੂੰ, ਜ਼ਲ੍ਹਿਾ ਪ੍ਰਧਾਨ ਮੰਗਤ ਰਾਮ ਮੰਗਾ, ਯੁਵਾ ਸੈਨਾ ਜ਼ਲ੍ਹਿਾ ਪ੍ਰਧਾਨ ਅਸ਼ੋਕ ਕੁਮਾਰ, ਜ਼ਲ੍ਹਿਾ ਸੀਨਿਅਰ ਵਾਈਸ ਪ੍ਰਧਾਨ ਵਰਿੰਦਰ ਸਿੰਘ ਸੋਢੀ, ਜ਼ਲ੍ਹਿਾ ਦਿਹਾਤੀ ਪ੍ਰਧਾਨ ਚਰਨਜੀਤ ਗਿੱਲ, ਰਵਿੰਦਰ ਕੁਮਾਰ, ਸੁਰਿੰਦਰਪਾਲ ਬਿੱਲਾਂ, ਅਰਮਾਨ ਪਾਲ ਆਦਿ ਮੌਜੂਦ ਸਨ।



# ਕਿਰਤੀ ਕਿਸਾਨ ਯੂਨੀਅਨ ਵਲੋਂ ਕਿਸਾਨ ਆਗੂਆਂ ਉੱਤੇ ਪੁਲਸ ਕੇਸ ਦਰਜ ਕਰਨ ਦੀ ਨਿੰਦਾ

## ਚੋਣ ਸਰਗਰਮੀਆਂ ਦਾ ਵਿਰੋਧ ਜਾਰੀ ਰੱਖਣ ਦਾ ਕੀਤਾ ਐਲਾਨ

**ਕਰਤਾਰਪੁਰ ( ਜਸਵੰਤ ਵਰਮਾ, ਦਿਨੇਸ਼ ਕੁਮਾਰ)** ਕਿਰਤੀ ਕਿਸਾਨ ਯੂਨੀਅਨ ਨੇ 15 ਜੂਨ ਨੂੰ ਕਾਂਗਰਸੀ ਐਮ ਪੀ ਮੁਨੀਸ਼ ਤਿਵਾੜੀ ਦੇ ਪਿੰਡ ਬਜੀਦ ਪੁਰ ਦੇ ਦੌਰੇ ਦਾ ਤਿੱਖਾ ਵਿਰੋਧ ਕਰਨ ਵਾਲੇ ਦੋਆਬਾ ਕਿਸਾਨ ਯੂਨੀਅਨ ਦੇ ਆਗੂਆਂ ਅਤੇ ਹੋਰ ਕਿਸਾਨਾਂ ਉੱਤੇ ਪੁਲਸ ਕੇਸ ਦਰਜ ਕਰਨ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕੇਸ ਰੱਦ ਕਰਨ ਦੀ ਮੰਗ ਕੀਤੀ ਹੈ।ਅੱਜ ਨਵਾਂਸ਼ਹਿਰ ਵਿਖੇ ਕੀਤੀ ਗਈ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ ਨੇ ਕਿਹਾ ਹੈ ਕਿ ਦੋਆਬਾ ਕਿਸਾਨ ਯੂਨੀਅਨ ਸੰਯੁਕਤ ਕਿਸਾਨ ਮੋਰਚਾ ਦਿੱਲੀ ਦਾ ਹਿੱਸਾ ਹੈ।ਕਿਰਤੀ ਕਿਸਾਨ ਯੂਨੀਅਨ ਸਮਝਦੀ ਹੈ ਕਿ ਜਦੋਂ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿਚ ਕਿਸਾਨ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਤਿੱਖੀ ਲੜਾਈ ਲੜ ਰਹੇ ਹਨ ਉਦੋਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ,ਭਾਜਪਾ ਅਤੇ ਹੋਰ ਕੁਝ ਸਿਆਸੀ ਪਾਰਟੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਲਈ ਸਰਗਰਮੀਆਂ ਕਰ ਰਹੀਆਂ ਹਨ ਜੋ ਸਹਿਣਯੋਗ ਨਹੀਂ।ਇਸ ਸੰਘਰਸ਼ ਵਿਚ500 ਤੋਂ ਵੱਧ ਕਿਸਾਨ ਸ਼ਹੀਦ ਹੋ ਚੁੱਕੇ ਹਨ ਪਰ ਇਹ ਸਿਆਸੀ ਪਾਰਟੀਆਂ ਪੰਜਾਬ ਦੀ ਸੱਤਾ ਉੱਤੇ ਕਾਬਜ਼ ਹੋਣ ਲਈ ਤਰਲੋਮੱਛੀ ਹੋ ਰਹੀਆਂ ਹਨ।ਅਜਿਹੀਆਂ ਪਾਰਟੀਆਂ ਦਾ ਵਿਰੋਧ ਜਾਰੀ ਰਹੇਗਾ।ਜੇਕਰ ਸਿਆਸੀ ਪਾਰਟੀਆਂ ਅਜਿਹੀਆਂ ਸਰਗਰਮੀਆਂ ਕਰਦਿਆਂ ਕਿਸਾਨਾਂ ਨੂੰ ਚਣੌਤੀ ਦਿੰਦੀਆਂ ਹਨ ਤਾਂ ਇਹਨਾਂ ਦੀ ਚਣੌਤੀ ਕਿਸਾਨ ਜਥੇਬੰਦੀਆਂ ਨੂੰ ਮਨਜੂਰ ਹੈ।ਪਿੰਡਾਂ ਵਿਚ ਇਹਨਾਂ ਪਾਰਟੀਆਂ ਦਾ ਤਿੱਖਾ ਵਿਰੋਧ ਜਾਰੀ ਰਹੇਗਾ।ਦੋਆਬਾ ਕਿਸਾਨ ਯੂਨੀਅਨ ਨੇ ਮੁਨੀਸ਼ ਤਿਵਾੜੀ ਦਾ ਵਿਰੋਧ ਕਰਕੇ ਕੁਝ ਵੀ ਗਲਤ ਨਹੀਂ ਕੀਤਾ।ਯੂਨੀਅਨ ਆਗੂਆਂ ਨੇ ਆਖਿਆ ਕਿ ਕੈਪਟਨ ਸਰਕਾਰ ਨੇ ਕਿਸਾਨ ਆਗੂਆਂ ਉੱਤੇ ਪੁਲਸ ਕੇਸ ਦਰਜ ਕਰਕੇ ਸਾਬਤ ਕਰ ਦਿੱਤਾ ਹੈ ਕਿ ਕਿਸਾਨਾਂ ਪ੍ਰਤੀ ਕੈਪਟਨ ਸਰਕਾਰ ਦਾ ਰਵੱਈਆ ਮੋਦੀ ਸਰਕਾਰ ਨਾਲੋਂ ਵੱਖਰਾ ਨਹੀਂ ਹੈ।ਉਹਨਾਂ ਕਿਹਾ ਕਿ ਕਿਸਾਨ ਪੁਲਸ ਕੇਸਾਂ ਤੋਂ ਘਬਰਾ ਕੇ ਹਾਰ ਮੰਨਣ ਵਾਲੇ ਨਹੀਂ।ਜੇਕਰ ਕੈਪਟਨ ਸਰਕਾਰ ਨੇ ਇਹ ਭਰਮ ਪਾਲਿਆ ਹੋਇਆ ਹੈ ਤਾਂ ਉਸਨੂੰ ਆਪਣੇ ਹੰਕਾਰੀ ਦਿਮਾਗ ਵਿਚੋਂ ਇਹ ਭਰਮ ਕੱਢ ਦੇਣਾ ਚਾਹੀਦਾ ਹੈ।ਇਸ ਮੌਕੇ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਸਿੰਘ ਢੇਸੀ, ਜਿਲਾ ਸਕੱਤਰ ਤਰਸੇਮ ਸਿੰਘ ਬੈਂਸ, ਸੋਹਣ ਸਿੰਘ ਅਟਵਾਲ, ਮੱਖਣ ਸਿੰਘ ਭਾਨਮਜਾਰਾ, ਕੁਲਵਿੰਦਰ ਸਿੰਘ ਚਾਹਲ,ਸੁਰਜੀਤ ਕੌਰ ਉਟਾਲ, ਪਰਮਜੀਤ ਸਿੰਘ ਸ਼ਹਾਬਪੁਰ, ਜਗਤਾਰ ਸਿੰਘ ਜਾਡਲਾ, ਜਸਵੀਰ ਸਿੰਘ ਮਹਾਲੋਂ ਵੀ ਮੌਜੂਦ ਸਨ।



# ਕਰਤਾਰਪੁਰ ਪੁਲਿਸ ਨੇ ਐਕਟੀਵਾ ਸਵਾਰ ਵਿਅਕਤੀ ਨੂੰ ਚੋਰੀ ਦੀ ਬੈਟਰੀ ਨਾਲ ਕਾਬੂ ਕੀਤਾ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ )** ਕਰਤਾਰਪੁਰ ਪੁਲੀਸ ਨੇ ਨਾਕੇ ਦੌਰਾਨ ਐਕਟਿਵਾ ਸਵਾਰ ਇਕ ਵਿਅਕਤੀ ਨੂੰ ਚੋਰੀ ਦੀ ਬੈਟਰੀ ਨਾਲ ਕਾਬੂ ਕੀਤਾ । ਇਸ ਸਬੰਧ ਵਿਚ ਥਾਣਾ ਪ੍ਰਭਾਰੀ ਰਾਜੀਵ ਕੁਮਾਰ ਨੇ ਦੱਸਿਆ ਕਿ ਐਸ. ਐਸ. ਪੀ ਜਲੰਧਰ ਨਵੀਨ ਸਿੰਗਲਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਡੀ. ਐਸ .ਪੀ ਸੁਖਪਾਲ ਸਿੰਘ ਦੀ ਦੇਖ ਰੇਖ ਵਿਚ ਲੁੱਟਾਂ ਖੋਹਾਂ ਕਰਨ ਵਾਲਿਆਂ ਨੂੰ ਕਾਬੂ ਕਰਨ ਵਾਸਤੇ ਚਲਾਈ ਗਈ ਮੁਹਿੰਮ ਦੇ ਅੰਤਰਗਤ ਏ.ਐਸ .ਆਈ ਬੋਧ ਰਾਜ,ਏ.ਐਸ.ਆਈ ਜਗਜੀਤ ਸਿੰਘ ,ਕਾਂਸਟੇਬਲ ਛਿੰਦਰ ਮਲਿਕ ,ਅਤੇ ਪੁਲੀਸ ਪਾਰਟੀ ਨੇ ਬੱਸ ਅੱਡਾ ਚੌਂਕ ਕਰਤਾਰਪੁਰ ਦੇ ਕੋਲ ਨਾਕਾਬੰਦੀ ਕੀਤੀ ਹੋਈ ਸੀ ਇਸ ਦੌਰਾਨ ਅੰਮ੍ਰਿਤਸਰ ਤੋਂ ਆ ਰਹੀ ਐਕਟਿਵਾ ਨੰਬਰ ਯੂ.ਪੀ 15 ਡੀ.ਐਲ 29 30 ਨੂੰ ਰੋਕ ਕੇ ਚਾਲਕ ਤੋਂ ਪੁੱਛ ਗਿੱਛ ਕੀਤੀ ਅਤੇ ਪੁੱਛਗਿੱਛ ਕਰਨ ਦੇ ਦੌਰਾਨ ਐਕਟਿਵਾ ਦੇ ਅੱਗੇ ਪਈ ਬੈਟਰੀ ਸਬੰਧੀ ਪੁੱਛਿਆ ਤਾਂ ਐਕਟਿਵਾ ਸਵਾਰ ਕੋਲੋਂ ਉਸ ਬੈਟਰੀ ਬਾਰੇ ਸਹੀ ਜਵਾਬ ਨਾ ਦੇਣ ਕਾਰਨ ਉਸ ਨੂੰ ਕਾਬੂ ਕਰ ਕੇ ਪੁਲਸ ਸਟੇਸ਼ਨ ਲੈ ਜਾਇਆ ਗਿਆ ਪੁੱਛਗਿੱਛ ਦੌਰਾਨ ਐਕਟਿਵਾ ਸਵਾਰ ਨੇ ਦੱਸਿਆ ਕਿ ਉਕਤ ਬੈਟਰੀ ਅੰਮ੍ਰਿਤਸਰ ਦੇ ਕੋਲੋਂ ਚੋਰੀ ਕੀਤੀ ਹੈ।ਅਤੇ ਪੁਲਸ ਨੇ ਚੋਰੀ ਦਾ ਮਾਮਲਾ ਦਰਜ ਕਰ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਆਰੋਪੀ ਦੀ ਪਹਿਚਾਣ ਸਾਦਿਕ ਪੁੱਤਰ ਜਾਵੇਦ ਮਲਿਕ ਤੇਲਿਯਾ ਵਾਲਾ ਖੂਹ ,ਥਾਣਾ ਮਵਾਨਾ ਜ਼ਿਲ੍ਹਾ ਮੇਰਠ ਉੱਤਰ ਪ੍ਰਦੇਸ਼ ਦੇ ਰੂਪ ਵਿਚ ਹੋਈ ਹੈ ।



# ਪੰਜਾਬ ਮੁਸਲਿਮ ਡੈਮੋਕਰੇਟਿਕ ਫਰੰਟ ਨੇ ਕਬਰੀਸਤਾਨ ਦੀ ਗਰਾਂਟ ਦੇ ਲਈ ਮੈਂਬਰ ਵਕਫ ਬੋਰਡ ਨੂੰ ਸੌਂਪਿਆ ਮੰਗ ਪੱਤਰ

**ਕਰਤਾਰਪੁਰ ( ਜਸਵੰਤ ਵਰਮਾ, ਦਿਨੇਸ਼ ਕੁਮਾਰ)**ਪੰਜਾਬ ਮੁਸਲਿਮ ਡੈਮੋਕਰੇਟਿਕ ਫਰੰਟ ਦੇ ਪ੍ਰਦੇਸ਼ ਅਧਿਅਕਸ਼ ਅਖਤਰ ਸਲਮਾਨੀ ਮੁਸਲਿਮ ਸਮਾਜ ਕਬਰਸਤਾਨ ਕਰਤਾਰਪੁਰ ਦੇ ਪ੍ਰਧਾਨ ਮੁਸਤਕਿਮ ਅਹਿਮਦ, ਵਾਇਸ ਪ੍ਰਧਾਨ ਹਾਸੀਮ ਅਲਵੀ, ਸ਼ਾਦਾਬ ਅਨਸਾਰੀ, ਅਬਦੁਲ ਰਹਿਮਾਨ ਨੇ ਕਬਰਸਤਾਨ ਦੇ ਲਈ ਵਕਫ਼ ਬੋਰਡ ਮੈਂਬਰ ਕਲੀਮ ਆਜ਼ਾਦ ਨੂੰ ਮੰਗ ਪੱਤਰ ਸੌਂਪਿਆ। ਜਿਸ ਵਿੱਚ ਭਰਤੀ ਲਈ, ਗੇਟ ਅਤੇ ਚਾਰ ਦੀਵਾਰੀ ਲਈ, ਵਜੂ ਖਾਣਾ, ਦੇਖਭਾਲ ਕਰਨ ਵਾਲੇ ਦੇ ਲਈ ਅਤੇ ਕਬਰਿਸਤਾਨ ਦਾ ਜਰੂਰੀ ਸਮਾਨ ਰੱਖਣ ਦੇ ਲਈ ਕਮਰਾ, ਬਿਜਲੀ ਦਾ ਕੰਮ ਕਰਾਉਣ ਦੇ ਲਈ, ਸਾਰੇ ਜ਼ਰੂਰੀ ਕਾਗਜ਼ਾਤ ਦਿੱਤੇ ਗਏ। ਅਖ਼ਤਰ ਸਲਮਾਨੀ ਨੇ ਕਿਹਾ ਕਿ ਕਬਰਸਤਾਨ ਦੀ ਜ਼ਰੂਰੀ ਦੇਖਭਾਲ ਦੇ ਲਈ ਵਕਫ ਬੋਰਡ ਅੱਗੇ ਆਏ। ਵਕਫ਼ ਬੋਰਡ ਮੈਂਬਰ ਕਲਿਮ ਅਜ਼ਾਦ ਨੇ ਮੁਸਲਿਮ ਸਮਾਜ ਦੀ ਗੱਲਾਂ ਨੂੰ ਧਿਆਨ ਨਾਲ ਸੁਣਿਆ ਅਤੇ ਭਰੋਸਾ ਦਵਾਇਆ ਕੀ ਵਕਫ਼ ਬੋਰਡ ਮੁਸਲਿਮ ਸਮਾਜ ਦੇ ਲਈ ਬਣਿਆ ਹੈ ਅਤੇ ਮੁਸਲਿਮ ਸਮਾਜ ਦੀ ਜ਼ਰੂਰਤਾਂ ਨੂੰ ਜਲਦ ਤੋਂ ਜਲਦ ਪੂਰਾ ਕੀਤਾ ਜਾਵੇਗਾ। ਇਸ ਮੌਕੇ ਮੁਸਤਕਿਮ ਅਹਿਮਦ, ਹਾਸੀਮ ਅਲਵੀ, ਸ਼ਾਦਾਬ ਅਨਸਾਰੀ, ਅਬਦੁਰ ਰਹਿਮਾਨ, ਡਾਕਟਰ ਅਹਿਸਾਨ ਮੌਜੂਦ ਸੀ।



# ਬਾਬਾ ਬੂਟੇ ਸ਼ਾਹ ਬਗੀਚੀ ਦੇ ਨਜ਼ਦੀਕ ਬੂਟੇ ਲਗਾਏ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਅੱਜ ਬਾਬਾ ਬੂਟੇ ਸ਼ਾਹ ਬਗੀਚੀ ਨੇੜੇ ਬੂਟੇ ਲਗਾਏ ਗਏ। ਬਾਬਾ ਬੂਟੇ ਸ਼ਾਹ ਬਗੀਚੀ ਸਾਹਮਣੇ ਸੁੱਕੇ ਤਲਾਬ ਦੇ ਕਿਨਾਰਿਆਂ ਤੇ ਕੂੜੇ ਦੇ ਵੱਡੇ ਵੱਡੇ ਢੇਰ ਚਿੰਤਾ ਦਾ ਵਿਸ਼ਾ ਬਣਿਆਂ ਹੋਇਆ ਸੀ। ਰਾਹਗੀਰਾਂ ਅਤੇ ਨੇੜੇ ਰਹਿ ਰਹੇ ਸ਼ਿਵਪੁਰੀ ਕਲੋਨੀ ਦੇ ਵਸਨੀਕਾਂ ਨੂੰ ਦਿੱਕਤ ਆ ਰਹੀ ਸੀ, ਬਿਮਾਰੀ ਫੈਲਣ ਦਾ ਖਤਰਾ ਬਣਿਆਂ ਹੋਇਆ ਸੀ। ਕੁਝ ਮੰਦਰ ਕਮੇਟੀਆਂ ਇਸ ਗੱਲ ਦਾ ਵਿਰੋਧ ਵੀ ਕਰ ਰਹੀਆਂ ਸਨ,ਕਿ ਧਾਰਮਿਕ ਸਥਾਨ ਸਭ ਦੇ ਸਾਂਝੇ ਸਥਾਨ ਹਨ। ਲੋਕਾਂ ਨੂੰ ਵੀ ਚਾਹੀਦਾ ਹੈ ਕਿ ਧਾਰਮਿਕ ਸਥਾਨਾਂ ਦੇ ਸਾਹਮਣੇ ਜਾਂ ਆਸਪਾਸ ਕੂੜਾ ਸੁੱਟਣ ਦਾ ਪਾਪ ਨਾਂ ਕਰਨ।ਪਰ ਦਿਨ ਪ੍ਰਤੀ -ਦਿਨ ਕੂੜਾ ਵੱਧ ਹੀ ਰਿਹਾ ਸੀ। ਇਹ ਸਭ ਦੇਖਦਿਆਂ ਬਗੀਚੀ ਦੇ ਮੈਂਬਰਾਂ ਤੇ ਮੁਹੱਲਾ ਨਿਵਾਸੀਆਂ ਨੇ ਇਕੱਠੇ ਹੋ ਕੇ ਨਗਰ ਕੌਂਸਲ ਦੇ ਪ੍ਰਧਾਨ ਸ੍ਰੀ ਪ੍ਰਿੰਸ ਅਰੋੜਾ ਅੱਗੇ ਆਪਣੀ ਤਕਲੀਫ ਜ਼ਾਹਿਰ ਕੀਤੀ। ਸ੍ਰੀ ਪ੍ਰਿੰਸ ਅਰੋੜਾ ਜੀ ਨੇ ਮੰਗਲਵਾਰ ਡਿੱਚ ਮਸ਼ੀਨ ਮੰਗਵਾ ਕੇ ਸਾਰਾ ਕੂੜਾ ਸਾਫ ਕਰਵਾ ਦਿੱਤਾ।ਸਾਰਿਆਂ ਨੇ ਪ੍ਰਧਾਨ ਜੀ ਦਾ ਧੰਨਵਾਦ ਕੀਤਾ। ਸਾਫ ਸੁਥਰੀ ਜਗਾ ਤੇ ਬੂਟੇ ਲਗਾਉਣ ਲਈ ਬੂਟਿਆਂ ਦੀ ਸੇਵਾ ਸ੍ਰੀ ਸਤਨਾਮ ਲਹਿਰ ਨੇ ਕੀਤੀ। ਉਹਨਾਂ ਨੇ ਕਿਹਾ ਕਿ ਜਿੰਨੇ ਵੀ ਬੂਟੇ ਚਾਹੀਦੇ ਹੋਣਗੇ ਮੇਰੇ ਤੋਂ ਲੈ ਸਕਦੇ ਹੋ। ਏਸ ਮੌਕੇ ਤੇ ਮਾਂ ਭਗਵਤੀ ਸੇਵਾ ਸੰਮਤੀ ਦੇ ਚੇਅਰਮੈਨ ਸ੍ਰੀ ਧੀਰਜ ਸਕਸੈਨਾ ਅਤੇ ਬ੍ਰਾਹਮਣ ਸਭਾ ਯੂਥ ਵਿੰਗ ਪੰਜਾਬ ਦੇ ਚੇਅਰਮੈਨ ਸ੍ਰੀ ਰਾਜਨ ਸ਼ਰਮਾ, ਐਨ.ਐਸ.ਯੂ.ਆਈ. ਦੇ ਜਿਲਾ ਪ੍ਰਧਾਨ ਸ੍ਰੀ ਜਤਿਨ ਸ਼ਰਮਾ, ਬਾਬਾ ਬੂਟੇ ਸ਼ਾਹ ਬਗੀਚੀ ਦੇ ਸੁਸ਼ੀਲ ਭਾਰਤਵਾਜ, ਸੇਵਾਦਾਰ ਸੋਸਾਇਟੀ ਦੇ ਪੈਟਰਨ ਸ੍ਰੀ ਰਣਜੀਤ ਕੁਮਾਰ ਜੀਤੀ, ਸ. ਜਗਤਾਰ ਸਰਾਏ, ਪੰਡਿਤ ਰਾਜ ਕੁਮਾਰ ਕੌਸ਼ਲ, ਸ੍ਰੀ ਰਘੁਵੀਰ ਸਿੰਘ, ਸ੍ਰੀ ਮੁਨੀਸ਼ ਸ਼ਰਮਾ (ਸ਼ੁਭਮ),ਸ੍ਰੀ ਜੈ ਪ੍ਰਕਾਸ਼, ਸ੍ਰੀ ਰੋਹਿਤ, ਸ੍ਰੀ ਗਗਨ ਬੈਂਸ, ਸ੍ਰੀ ਵਿਨੀਤ ਅਤੇ ਹੋਰ ਸਭ ਸ਼ਰਧਾਲੂਆਂ ਨੇ ਬੂਟੇ ਲਗਾਏ। ਸਭ ਨਗਰ ਨਿਵਾਸੀਆਂ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਕਿ ਆਪ ਸਭ ਨੇ ਕਿਸੇ ਵੀ ਧਾਰਮਿਕ ਸਥਾਨ ਨੇੜੇ ਕੂੜਾ ਸੁੱਟਣ ਦਾ ਪਾਪ ਨਹੀਂ ਕਰਨਾ ।

